Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 167 | Wednesday, August 25, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

ਨੌਰਥ ਯੌਰਕ ਵਿੱਚ ਚੱਲੀ ਗਲੀ, 2 ਜ਼ਖ਼ਮੀ

ਟੋਰਾਂਟੋ, 24 ਅਗਸਤ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਸੋਮਵਾਰ ਸ਼ਾਮ ਨੂੰ ਨੌਰਥ ਯੌਰਕ ਵਿੱਚ ਚੱਲੀ ਗਲੀ ਤੋਂ ਬਾਅਦ ਦੋ ਵਿਅਕਤੀ ਜ਼ਖ਼ਮੀ ਹੋ ਗਏ।

ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਰਾਤੀਂ 10:05 ਵਜੇ ਦੇ ਨੜੇ ਤੇੜੇ ਖਬਰ ਮਿਲੀ ਤੇ ਉਹ ਵਿਲਸਨ ਐਵਨਿਊ ਤੇ ਜੇਨ ਸਟਰੀਟ ਉੱਤੇ ਵਾਪਰੇ ਇਸ ਗੋਲੀ ਕਾਂਡ ਦਾ ਮੁਆਇਨਾ ਕਰਨ ਮੌਕੇ ਉੱਤੇ ਪਹੁੰਚੇ। ਮੌਕੇ ਉੱਤੇ ਪੁਲਿਸ ਅਧਿਕਾਰੀਆਂ ਨੂੰ ਦੋ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ ਜਿਨ੍ਹਾਂ ਨੂੰ ਗੋਲੀ ਲੱਗੀ ਸੀ। ਇੱਕ ਵਿਅਕਤੀ ਦੀ ਹਾਲਤ ਕਾਫੀ ਨਾਜ਼ੁਕ ਸੀ ਜਦਕਿ ਦੂਜੇ ਵਿਅਕਤੀ ਦੀ ਹਾਲਤ ਖਤਰੇ ਤੋਂ ਬਾਹਰ ਸੀ, ਦੋਵਾਂ ਨੂੰ ਹਸਪਤਾਲ ਪਹੁੰਚਾਇਆ ਗਿਆ।

ਦੋਵੇਂ ਵਿਅਕਤੀ ਆਪਣੇ 30ਵਿਆਂ ਵਿੱਚ ਸਨ। ਇਸ ਸਬੰਧ ਵਿੱਚ ਹੋਰ ਕੋਈ ਜਾਣਕਾਰੀ ਜਾਂਚਕਾਰਾਂ ਵੱਲੋਂ ਜਾਰੀ ਨਹੀਂ ਕੀਤੀ ਗਈ।

31 ਅਗਸਤ ਤੋਂ ਬਾਅਦ ਵੀ ਕੈਨੇਡਾ ਆਪਣੇ ਸੈਨਿਕ ਅਫਗਾਨਿਸਤਾਨ ਰੱਖਣ ਲਈ ਤਿਆਰ : ਟਰੂਡੋ

ਓਟਵਾ, 24 ਅਗਸਤ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਕੈਨੇਡਾ 31 ਅਗਸਤ ਦੀ ਅਮਰੀਕਾ ਵੱਲੋਂ ਦਿੱਤੀ ਗਈ ਡੈੱਡਲਾਈਨ ਤੋਂ ਬਾਅਦ ਵੀ ਆਪਣੇ ਸੈਨਿਕਾ ਨੂੰ ਅਫਗਾਨਿਸਤਾਨ ਵਿੱਚ ਰੱਖਣ ਲਈ ਤਿਆਰ ਹੈ।

ਟਰੂਡੋ ਵੱਲੋਂ ਇਹ ਐਲਾਨ ਮੰਗਲਵਾਰ ਨੂੰ ਜੀ-7 ਆਗੂਆਂ ਨਾਲ ਵਰਚੂਅਲ ਤੌਰ ਉੱਤੇ ਕੀਤੀ ਗਈ ਸਿਖਰ ਵਾਰਤਾ ਵਿੱਚ ਹਿੱਸਾ ਲੈਣ ਤੋਂ ਬਾਅਦ ਕੀਤਾ ਗਿਆ। ਇਹ ਸਾਰੇ ਆਗੂ ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਦੇਸ਼ ਦੇ ਹਾਕਮਾਂ ਵਜੋਂ ਮੁੜ ਉਭਾਰ ਸਬੰਧੀ ਪੈਦਾ ਹੋਏ ਸੰਕਟ ਬਾਰੇ ਗੱਲਬਾਤ ਕਰਨ ਲਈ ਵਰਚੂਅਲੀ ਇੱਕਠੇ ਹੋਏ ਸਨ। ਇਸ ਮੀਟਿੰਗ ਵਿੱਚ ਜਾਣ ਤੋਂ ਪਹਿਲਾਂ ਟਰੂਡੋ ਨੇ ਆਪਣੇ ਫੈਸਲੇ ਸਬੰਧੀ ਭਾਫ ਵੀ ਨਹੀਂ ਸੀ ਕੱਢੀ।

ਪਰ ਉਸ ਤੋਂ ਬਾਅਦ ਹੈਮਿਲਟਨ ਵਿੱਚ ਫੈਡਰਲ ਚੋਣ ਕੈਂਪੇਨ ਲਈ ਬੱਸ ਚੜ੍ਹਨ ਤੋਂ ਪਹਿਲਾਂ ਟਰੂਡੋ ਨੇ ਆਖਿਆ ਕਿ ਕੈਨੇਡਾ ਲੋੜ ਪੈਣ ਉੱਤੇ ਹੋਰ ਸਮੇਂ ਲਈ 31 ਅਗਸਤ ਤੋਂ ਬਾਅਦ ਵੀ ਅਫਗਾਨਿਸਤਾਨ ਵਿੱਚ ਰਹਿਣ ਲਈ ਤਿਆਰ ਸੀ। ...ਬਾਕੀ ਪੰਨਾ 5 'ਤੇ

ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਮਹਿਲਾ ਦੀ ਮੌਤ

ਓਨਟਾਰੀਓ, 24 ਅਗਸਤ (ਪੋਸਟ ਬਿਊਰੋ) : ਡੌਨ ਮਿਲਜ਼ ਏਰੀਆ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ 60 ਸਾਲਾ ਮਹਿਲਾ ਦੀ ਮੌਤ ਹੋ ਗਈ।

ਮੰਗਲਵਾਰ ਸਵੇਰੇ 8:45 ਉੱਤੇ ਡੌਨ ਮਿੱਲਜ਼ ਰੋਡ ਵੈਸਟ ਤੇ ਫੇਅਰਵਿਊ ਮਾਲ ਡਰਾਈਵ ਇਲਾਕੇ ਵਿੱਚ ਵਾਪਰੇ ਇਸ ਹਾਦਸੇ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਮਹਿਲਾ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਿਸ ਨੇ ਇਹ ਵੀ ਦੱਸਿਆ ਕਿ ਡਰਾਈਵਰ ਮੌਕੇ ਉੱਤੇ ਹੀ ਮੌਜੂਦ ਸੀ। ਪੁਲਿਸ ਵੱਲੋਂ ਜਾਂਚ ਲਈ ਇਸ ਇਲਾਕੇ ਨੂੰ ਟਰੈਫਿਕ ਲਈ ਬੰਦ ਕਰ ਦਿੱਤਾ ਗਿਆ।

ਨਸ਼ਿਆਂ ਤੇ ਹਥਿਆਰਾਂ ਦੀ ਸਮਗਲਿੰਗ ਦੇ ਸਬੰਧ ਵਿੱਚ ਚਾਰ ਵਿਅਕਤੀਆਂ ਨੂੰ ਕੀਤਾ ਗਿਆ ਚਾਰਜ

ਵਾਅਨ, 24 ਅਗਸਤ (ਪੋਸਟ ਬਿਊਰੋ): ਯੌਰਕ ਰੀਜਨ ਵਿੱਚ ਸਰਚ ਵਾਰੰਟ ਜਾਰੀ ਕਰਨ ਤੋਂ ਬਾਅਦ ਲਈ ਗਈ ਤਲਾਸ਼ੀ ਮਗਰੋਂ ਚਾਰ ਵਿਅਕਤੀਆਂ ਨੂੰ ਨਸ਼ਿਆਂ ਤੇ ਹਥਿਆਰਾਂ ਨਾਲ ਸਬੰਧਤ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ੱਕੀ ਡਰੱਗ ਡੀਲਰ ਦੇ ਸਬੰਧ ਵਿੱਚ ਯੌਰਕ ਪੁਲਿਸ ਵੱਲੋਂ ਜਾਂਚ 2021 ਦੀ ਸ਼ੁਰੂਆਤ ਵਿੱਚ ਸ਼ੁਰੂ ਕੀਤੀ ਗਈ ਸੀ। ...ਬਾਕੀ ਪੰਨਾ 5 'ਤੇ

ਟੋਰਾਂਟੋ ਪੁਲਿਸ ਨੇ ਆਪਣੇ ਅਧਿਕਾਰੀਆਂ ਤੇ ਸਟਾਫ ਲਈ ਕੋਵਿਡ-19 ਵੈਕਸੀਨੇਸ਼ਨ ਕੀਤੀ ਲਾਜ਼ਮੀ

ਟੋਰਾਂਟੋ, 24 ਅਗਸਤ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਉਹ ਆਪਣੇ ਵਰਦੀਧਾਰੀ ਤੇ ਸਿਵਿਲੀਅਨ ਮੈਂਬਰਾਂ ਲਈ ਕੋਵਿਡ-19 ਵੈਕਸੀਨੇਸ਼ਨ ਲਾਜ਼ਮੀ ਕਰ ਰਹੀ ਹੈ। ਟੋਰਾਂਟੋ ਪੁਲਿਸ ਨੇ ਆਖਿਆ ਕਿ ਇਹ ਸਾਡਾ ਫਰਜ਼ ਬਣਦਾ ਹੈ ਕਿ ਆਪਣੇ ਮੈਂਬਰਾਂ ਤੇ ਜਨਤਾ ਲਈ ਕੰਮ ਵਾਲੀ ਥਾਂ ਨੂੰ ਸੁਰੱਖਿਅਤ ਬਣਾਈਏ। ਇਸ ਲਈ ਵੈਕਸੀਨੇਸ਼ਨ ਨੂੰ ਸਰਵਿਸ ਲਈ ਜ਼ਰੂਰੀ ਕਰਾਰ ਦਿੱਤਾ ਗਿਆ ਹੈ। 13 ਸਤੰਬਰ ਤੱਕ ਅਧਿਕਾਰੀਆਂ ਤੇ ਸਟਾਫ ਨੂੰ ਆਪਣੇ ਟੀਕਾਕਰਣ ਦਾ ਸਬੂਤ ਮੁਹੱਈਆ ਕਰਵਾਉਣਾ ਹੋਵੇਗਾ।

...ਬਾਕੀ ਪੰਨਾ 5 'ਤੇ

ਵੈਕਸੀਨੇਸ਼ਨ ਲਾਜ਼ਮੀ ਕਰਨ ਦਾ ਟੋਰਾਂਟੋ ਪੁਲਿਸ ਐਸੋਸਿਏਸ਼ਨ ਨੇ ਕੀਤਾ ਵਿਰੋਧ

ਟੋਰਾਂਟੋ, 24 ਅਗਸਤ (ਪੋਸਟ ਬਿਊਰੋ): ਟੋਰਾਂਟੋ ਪੁਲਿਸ ਸਰਵਿਸ (ਟੀ ਪੀ ਐਸ) ਵੱਲੋਂ ਮੰਗਲਵਾਰ ਨੂੰ ਆਪਣੇ ਸਾਰੇ ਮੈਂਬਰਾਂ ਲਈ ਕੋਵਿਡ-19 ਵੈਕਸੀਨੇਸ਼ਨ ਲਾਜ਼ਮੀ ਕਰਨ ਦੀ ਲਿਆਂਦੀ ਗਈ ਨੀਤੀ ਦਾ 8000 ਤੋਂ ਵੱਧ ਟੋਰਾਂਟੋ ਪੁਲਿਸ ਅਧਿਕਾਰੀਆਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਟੀ ਪੀ ਐਸ ਨੇ ਆਖਿਆ ਕਿ ਉਹ ਆਪਣੇ ਮੈਂਬਰਾਂ ਲਈ ਕੰਮ ਵਾਲੀ ਥਾਂ ਦੇ ਨਾਲ ਨਾਲ ਜਨਤਾ ਨੂੰ ਵੀ ਸੁਰੱਖਿਅਤ ਰੱਖਣਾ ਚਾਹੁੰਦੇ ਹਨ, ਇਸ ਲਈ ਸਾਰੇ ਮੈਂਬਰਜ਼ ਦਾ ਵੈਕਸੀਨੇਸ਼ਨ ਕਰਵਾਉਣਾ ਲਾਜ਼ਮੀ ਕੀਤਾ ਗਿਆ ਹੈ। ...ਬਾਕੀ ਪੰਨਾ 5 'ਤੇ

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
(Government Approved Licensed Technician)
416 938 4598

Law Office of Aman Sharma
Real Estate
Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
www.dubaijewellers.ca
info@dubaijewellers.ca

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਕਰਜ਼ੇ ਦੀ ਮਿਰਦਰੀ ?
www.MakeMeDebtFree.ca
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal
Qualified Credit Counsellor
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The 25 Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10
Etobicoke, ON, M9W 0A2
gill@punjabinsurance.ca
416-724-5000
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance
RANJIT GILL
Insurance Advisor

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

NOW HIRING

U.S. CROSS BORDER SINGLES & TEAMS AND CANADIAN TEAMS

US Singles	$0.64/mile
US Teams	$0.66/mile
Canadian teams	$0.62/mile

LIGHT SPEED Logistics Inc.

OUR FAMILY WELCOMES YOU

- U.S. Singles – Dedicated Truck
- Desirable Lanes to the U.S.
- U.S. Teams – New Dedicated Truck
- Canadian Teams – New Dedicated Truck
- Comprehensive Company Benefits
- Flexible Work Schedule

LIGHT SPEED HAS YOU COVERED

Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8

www.lslinc.com

chatr™ AUTHORIZED DEALER

VISIT US AT:
1 PROMENADE CIRCLE
THORNHILL, ON

NEAR ENTRANCE #3

GRAND OPENING EVENT!

SUNDAY, AUGUST 29TH

GET UP TO
50% OFF FIRST MONTH*

+

PHONE SPECIALS & GIVEAWAYS

*Offer subject to change without notice. Available only at the participating location(s) from August 3rd – August 29th, 2021. Only applicable to new activations with the sign-up of pre-authorized payments with Auto-pay. ™ Trademarks used under license ©2021

ਜੀਟੀਏ ਵਿੱਚ ਲਿਬਰਲਾਂ ਨੂੰ ਵੱਡੀ ਲੀਡ ਹੋ ਰਹੀ ਹੈ ਹਾਸਲ

ਟੋਰਾਂਟੋ, 24 ਅਗਸਤ (ਪੋਸਟ ਬਿਊਰੋ) : ਫੈਡਰਲ ਚੋਣ ਮੁਹਿੰਮ ਦੇ ਦੂਜੇ ਹਫਤੇ ਵਿੱਚ ਦਾਖਲ ਹੋਣ ਮੌਕੇ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਲਿਬਰਲਾਂ ਨੂੰ ਵੱਡੀ ਲੀਡ ਹਾਸਲ ਹੋ ਰਹੀ ਹੈ। ਇਹ ਖੁਲਾਸਾ ਇੱਕ ਨਵੇਂ ਸਰਵੇਖਣ ਵਿੱਚ ਕੀਤਾ ਗਿਆ।

ਦ ਮੇਨਸਟਰੀਟ ਰਿਸਰਚ ਫੋਨ ਸਰਵੇਖਣ ਵਿੱਚ 532 ਸਥਾਨਕ ਵਾਸੀਆਂ ਨੂੰ ਸ਼ਾਮਲ ਕੀਤਾ ਗਿਆ। ਇਹ ਸਰਵੇਖਣ 18 ਅਗਸਤ ਤੇ 21 ਅਗਸਤ ਦਰਮਿਆਨ ਕਰਵਾਇਆ ਗਿਆ। ਇਸ ਵਿੱਚ ਪਾਇਆ ਗਿਆ ਕਿ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਨੂੰ 43 ਫੀ ਸਦੀ ਵੋਟਰਾਂ ਦਾ ਸਮਰਥਨ ਹਾਸਲ ਹੈ। ਦੂਜੇ ਪਾਸੇ ਐਰਿਨ ਓਟੂਲ ਦੀ ਅਗਵਾਈ ਵਾਲੇ ਕੰਜ਼ਰਵੇਟਿਵਜ਼ ਨੂੰ ਇਸ ਸਮੇਂ 29 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ। ਐਨਡੀਪੀ ਵੋਟਰਾਂ ਦੇ 20 ਫੀ ਸਦੀ ਸਮਰਥਨ ਨਾਲ ਤੀਜੇ ਸਥਾਨ ਉੱਤੇ ਚੱਲ ਰਹੀ ਹੈ। ਪੀਪਲਜ਼

ਪਾਰਟੀ ਆਫ ਕੈਨੇਡਾ ਤੇ ਗ੍ਰੀਨ ਪਾਰਟੀ ਕ੍ਰਮਵਾਰ ਪੰਜ ਤੇ ਤਿੰਨ ਫੀ ਸਦੀ ਸਮਰਥਨ ਜੁਟਾਉਣ ਵਿੱਚ ਹੀ ਕਾਮਯਾਬ ਹੋਏ ਹਨ।

ਇਸ ਵੇਲੇ ਟੋਰਾਂਟੋ ਵਿੱਚ ਲਿਬਰਲਾਂ ਨੂੰ 49.9 ਫੀ ਸਦੀ ਤੇ ਯੌਰਕ ਰੀਜਨ ਵਿੱਚ 49 ਫੀ ਸਦੀ ਸਮਰਥਨ ਮਿਲ ਰਿਹਾ ਹੈ, ਜਦਕਿ ਕੰਜ਼ਰਵੇਟਿਵਾਂ ਨੂੰ ਡਫਰਿਨ ਸਿਮਕੋਅ ਵਿੱਚ 48•2 ਫੀ ਸਦੀ ਤੇ ਦਰਹਾਮ ਵਿੱਚ 39•6 ਫੀ ਸਦੀ ਸਮਰਥਨ ਮਿਲ ਰਿਹਾ ਹੈ। ਐਨਡੀਪੀ ਨੂੰ ਹੈਮਿਲਟਨ ਵਿੱਚ ਸੱਭ ਤੋਂ ਵੱਧ, ਭਾਵ 25.1 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ। ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 9 ਫੀ ਸਦੀ ਲੋਕਾਂ ਨੇ ਆਖਿਆ ਕਿ ਉਹ ਅਜੇ ਇਹ ਫੈਸਲਾ ਨਹੀਂ ਕਰ ਪਾਏ ਹਨ ਕਿ ਉਹ ਕਿਹੜੀ ਪਾਰਟੀ ਨੂੰ ਵੋਟ ਕਰਨਾ ਚਾਹੁੰਦੇ ਹਨ।

ਬਰੈਂਪਟਨ ਵਿੱਚ ਵਾਪਰੇ ਹਾਦਸੇ ਵਿੱਚ 2 ਜ਼ਖ਼ਮੀ

ਬਰੈਂਪਟਨ, 24 ਅਗਸਤ (ਪੋਸਟ ਬਿਊਰੋ) : ਬਰੈਂਪਟਨ ਵਿੱਚ ਹਾਈਵੇਅ 407 ਉੱਤੇ ਵਾਪਰੇ ਹਾਦਸੇ ਤੋਂ ਬਾਅਦ ਦੋ ਵਿਅਕਤੀਆਂ ਨੂੰ ਹਸਪਤਾਲ ਲਿਜ-ਾਇਆ ਗਿਆ।

ਮੰਗਲਵਾਰ ਸ਼ਾਮ ਨੂੰ 6:00 ਵਜੇ ਮੈਵਿਸ ਰੋਡ ਨੇੜੇ ਹਾਈਵੇਅ ਉੱਤੇ ਵਾਪਰੇ ਇਸ ਹਾਦਸੇ ਤੋਂ ਬਾਅਦ ਪ੍ਰੋਵਿੰਸ਼ੀਅਲ ਪੁਲਿਸ ਨੂੰ ਸੱਦਿਆ ਗਿਆ। ਦੋਵਾਂ ਜ਼ਖ਼ਮੀ ਵਿਅਕਤੀਆਂ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ

ਲਿਜਾਇਆ ਗਿਆ। ਅਜੇ ਤੱਕ ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਪਰ ਪੁਲਿਸ ਦਾ ਕਹਿਣਾ ਹੈ ਕਿ ਹੁਰੌਨਤਾਰੀਓ ਤੇ ਮੈਵਿਸ ਦਰਮਿਆਨ ਹਾਈਵੇਅ ਦੀ ਪੱਛਮ ਵਾਲੀਆਂ ਲੇਨਜ਼ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor

For More Details Call: 416-970-5005/647-242-8667

Jas Toor
Sales Repersentative
Sutton Group-Realty Experts Brokerage*

Jagdish Grewal
Sales Repersentative
Century 21 President Realty Inc. Brokerage*

ਅੱਜ ਨਾਮਾ

ਝੂਲਦੀ ਫਿਰਦੀ ਸਰਕਾਰ ਪੰਜਾਬ ਦੀ ਜੀ,
ਭਲਕੇ ਹੋਣੀ ਕਿ ਨਹੀਂ ਦਾ ਪਤਾ ਹੈ ਨਹੀਂ।
ਕੈਪਟਨ ਆਖਦਾ ਅਸੀਂ ਕਮਾਲ ਕਰ’ਤੀ,
ਦੂਜੇ ਕਹਿਣ, ਕੀਤਾ ਕੰਮ ਰਤਾ ਹੈ ਨਹੀਂ।
ਇੱਕੋ ਪਾਰਟੀ, ਸੁਰਾਂ ਕਈ ਵੱਖਰੀਆਂ ਜੀ,
ਆਪਸੀ ਸਾਂਝ ਵਾਲਾ ਕੋਈ ਮਤਾ ਹੈ ਨਹੀਂ।
ਸਾਰੇ ਈ ਹੋਰਾਂ ਦਾ ਸਿਰਫ ਕਸੂਰ ਦੱਸਣ,
ਆਪਣੀ ਮੰਨਦਾ ਕੋਈ ਵੀ ਖਤਾ ਹੈ ਨਹੀਂ।
ਬਚਦੀਭਲਕੇ ਨਾ ਭਾਵੇਂ ਸਰਕਾਰ ਦਿੱਸਦੀ,
ਬਚ ਵੀ ਗਈ ਤਾਂ ਕੰਮ ਨਹੀਂ ਕਰਨ ਲੱਗੀ।
ਪੱਲੇ ਪਬਲਿਕ ਦੇ ਕੱਖ ਨਹੀਂ ਪਾਉਣ ਲੱਗੀ,
ਗੋਲਕਾਂ-ਬੁਗਨੀਆਂ ਧਾੜ ਆ ਭਰਨ ਲੱਗੀ।

ਤੀਸ ਮਾਰ ਖਾਂ

ਪੰਜਾਬ ਦੇ ਚਾਰ ਮੰਤਰੀਆਂ ਸਣੇ 34 ਵਿਧਾਇਕਾਂ ਵੱਲੋਂ ਅਮਰਿੰਦਰ ਸਿੰਘ ਦੇ ਖਿਲਾਫ ਬਗਾਵਤ

* ਪਾਰਟੀ ਕੋਲ ਮੁੱਖ ਮੰਤਰੀ ਬਦਲਣ ਦੀ ਮੰਗ ਰੱਖਣ ਲੱਗੇ

ਚੰਡੀਗੜ੍ਹ, 24 ਅਗਸਤ, (ਪੋਸਟ ਬਿਊਰੋ)- ਨਵਜੋਤ ਸਿੰਘ ਸਿੱਧੂ ਦੇ ਪੰਜਾਬ ਕਾਂਗਰਸ ਦਾ ਪ੍ਰਧਾਨ ਪ੍ਰਧਾਨ ਬਣਨ ਮਗਰੋਂ ਇਸ ਰਾਜ ਦੀ ਕਾਂਗਰਸ ਵਿੱਚ ਕੁਝ ਸਮਾਂ ਸ਼ਾਂਤ ਦਿੱਸੀ ਬਗਾਵਤ ਦੀ ਚੰਗਿਆੜੀ ਇੱਕ ਵਾਰ ਫਿਰ ਭਾਂਬੜ ਬਣ ਕੇ ਬਾਹਰ ਆ ਗਈ ਅਤੇ ਸਿੱਧੂ ਦੇ ਸਮੱਰਥਨ ਵਿੱਚ ਖੁੱਲ੍ਹ ਕੇ ਆਏ ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧੀ ਧੜੇ ਨੇ ਅੱਜ ਮੁੱਖ ਮੰਤਰੀ ਦੇ ਖਿਲਾਫ ਖੁੱਲ੍ਹੀ ਜੰਗ ਦਾ ਐਲਾਨ ਕਰ ਦਿੱਤਾ ਅਤੇ ਹਾਈ ਕਮਾਨ ਵੱਲ ਨੂੰ ਚੱਲ ਪਏ ਹਨ।

ਇਸ ਘਟਨਾ ਚੱਕਰ ਵਿੱਚ ਅੱਜ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੇ ਘਰ ਲਗਭਗ 34 ਵਿਧਾਇਕਾਂ, ਜਿਨ੍ਹਾਂ ਵਿਚੋਂ ਚਾਰ ਮੰਤਰੀ ਸਨ, ਦੀ ਬੈਠਕ ਹੋਈ। ਇਸ ਪਿੱਛੋਂ ਕੈਬਨਿਟ ਮੰਤਰੀ ਚਰਨਜੀਤ ਚੰਨੀ ਨੇ ਸ਼ਰੇਆਮ ਕਿਹਾ ਕਿ ਉਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਦੀਲੀਡਰਸ਼ਿਪਦਾ ਭਰੋਸਾ ਨਹੀਂ, ਇਸੇ ਲਈਇਹ ਮੀਟਿੰਗ ਸੱਦੀ ਸੀ।ਚੰਨੀ ਨੇ ਇਹ ਵੀਕਿਹਾ ਕਿ ਉਨ੍ਹਾਂ ਦੇ ਮਸਲੇ ਇਸ ਮੁੱਖ ਮੰਤਰੀ ਤੋਂ ਹੱਲ ਨਹੀਂ ਹੋਣੇ, ਇਸ ਲਈ ਉਹ ਹਾਈਕਮਾਨ ਨੂੰ ਮਿਲਣਚੱਲੇ ਹਨ। ਉਨ੍ਹਾਂ ਕਿਹਾ ਕਿ

ਕਾਂਗਰਸ ਨੇ 2017 ਦੀਆਂ ਚੋਣਾਂ ਜਿੱਤਣ ਵੇਲੇ ਕਈ ਵਾਅਦੇ ਕੀਤੇ ਸਨ, ਜਿਨ੍ਹਾਂ ਵਿਚੋਂ ਬਹੁਤ ਸਾਰੇ ਪੂਰੇ ਕਰ ਦਿੱਤੇ, ਪਰ ਜਿਨ੍ਹਾਂ ਮੁੱਦਿਆਂ ਤੋਂ ਵਿਰੋਧੀਆਂ ਨਾਲ ਟਕਰਾਅ ਹੈ, ਉਹ ਅਜੇ ਹੱਲ ਨਹੀਂ ਹੋਏ, ਖਾਸ ਤੌਰ ਉੱਤੇ ਬਰਗਾੜੀ ਦਾ ਬੇਅਦਬੀ ਕਾਂਡ, ਨਸ਼ਿਆਂ ਦਾਵਪਾਰ ਕਰਦੇ ਸੌਦਾਗਰਾਂ ਨੂੰ ਫੜਨਾ, ਬਿਜਲੀ ਸਮਝੌਤੇ ਰੱਦ ਕਰਨਾ, ਰੇਤ ਮਾਫ਼ੀਆ ਅਤੇ ਦਲਿਤ ਮੁੱਦੇ ਆਦਿ ਉੱਤੇਕੋਈ ਕਾਰਵਾਈ ਨਹੀਂ।ਉਨ੍ਹਾ ਕਿਹਾ ਕਿ ਵਾਅਦੇ ਪੂਰੇ ਕਰਨ ਤੋਂ ਘੱਟ ਉਨ੍ਹਾਂ ਨੂੰ ਕੁਝ ਮਨਜ਼ੂਰ ਨਹੀਂ।ਉਨ੍ਹਾਂ ਕਿਹਾ ਕਿ ਹਾਈਕਮਾਨ ਨੂੰ ਮਿਲਣਵਾਲੀ ਪੰਜ ਮੈਂਬਰੀ ਟੀਮ ਵਿਚ ਚਾਰ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਚਰਨਜੀਤਚੰਨੀ, ਸੁਖਬਿੰਦਰ ਸਿੰਘ ਸੁੱਖ ਸਰਕਾਰੀਆ, ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਵਿਧਾਇਕ ਪਰਗਟ ਸਿੰਘ ਸ਼ਾਮਲ ਹਨ। ਇਹ ਲੋਕ ਹਾਈਕਮਾਨ ਨੂੰ ਅਗਲੀਆਂ ਚੋਣਾਂ ਤੋਂ ਪਹਿਲਾਂਆਪਣੀਆਂ ਮੰਗਾਂ ਬਾਰੇ ਦੱਸਣ-ਗੇ।

ਬਾਗੀਆਂ ਦੀ ਬੈਠਕਪਿੱਛੋਂ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਪਾਰਟੀ ਉਨ੍ਹਾਂ ਲਈ ਸਭ ਤੋਂ ਉਪਰ ਹੈ ਤੇ ਉਨ੍ਹਾਂ ਨੂੰ ਮੰਤਰੀ ਦੀ ਕੁਰਸੀ ਜਾਣ ਦਾ ਡਰ ਨਹੀਂ, ਜਿਹੜੇ ਮੁੱਦੇ ਵਿਚਾਰੇ ਹਨ, ਉਨ੍ਹਾਂ ਦਾ ਹੱਲ ਹੋਣਾ ਚਾਹੀਦਾ ਹੈ, ਇਸ ਲਈ ਉਹ ਹਾਈਕਮਾਨ ਨੂੰ ਮਿਲਣਗੇ। ਰੰਧਾਵਾ ਨੇ ਇਹ ਵੀ ਕਿਹਾ ਕਿ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈਤੇ ਇਸ ਦੇ ਲਈ ਕਾਂਗਰਸ ਨੇ ਸਭ ਤੋਂ ਵੱਧ ਲੜਾਈ ਲੜੀ ਹੈ, ਜੇ ਕਿਸੇ ਨੇ ਕੋਈ ਬਿਆਨ ਦਿੱਤਾ ਹੈ ਤਾਂ ਉਹ ਉਸ ਦਾ ਨਿੱਜੀ ਬਿਆਨ ਹੋਵੇਗਾ, ਜਿਹੜਾ ਐਂਟੀ ਨੈਸ਼ਨਲ ਹੈ।ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਉਹ ਬੜੇ ਚਿਰ ਤੋਂ ਚੁੱਪ ਸਨ, ਪਰ ਪਾਣੀ ਸਿਰ ਤੋਂ ਲੰਘ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜੇ ਹਾਈਕਮਾਨ ਫ਼ੈਸਲਾ ਨਹੀਂ ਲੈਂਦੀ ਤਾਂ ਉਹ ਅਗਲੀ ਰਣਨੀਤੀ ਉਲੀਕਣਗੇ। ਬਾਜਵਾ ਨੇ ਕਿਹਾ ਕਿਪੰਜਾਬ ਕਾਂਗਰਸ ਦੀਮੌਜੂਦਾ ਲੀਡਰਸ਼ਿਪ ਅਕਾਲੀਆਂ ਨਾਲ ਮਿਲੀ ਹੋਣ ਕਾਰਨ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਤਕ ਸਖ਼ਤ ਫ਼ੈਸਲੇ ਨਹੀਂ ਲਏ।ਉਨ੍ਹਾ ਕਿਹਾ ਕਿ ਪੰਜਾਬ ਦੇ ਸਾਰੇ ਮੰਤਰੀ ਤੇ ਵਿਧਾਇਕ ਇਸ ਗੱਲੋਂ ਔਖੇ ਸਨ, ਸਿਰਫ ਬੋਲਦਾ ਕੋਈ ਨਹੀਂਸੀ, ਪਰਅਮਰਿੰਦਰ ਸਿੰਘ ਅਤੇ ਬਾਦਲ ਪਰਵਾਰ ਰਲੇ ਹੋਏ ਹੋਣ ਕਾਰਨ ਅੱਜ ਕਾਂਗਰਸ ਖ਼ਤਰੇ ਵਿੱਚ ਵੇਖ ਕੇ ਸਾਨੂੰ ਸਾਰਿਆਂ ਨੂੰ ਬੋਲਣਾ ਪਿਆ ਹੈ।

ਕੈਪਟਨ ਅਮਰਿੰਦਰ ਦਾ ਗੰਨਾ ਕਿਸਾਨਾਂ ਨਾਲ ਸਮਝੌਤਾ ਸਿਰੇ ਲੱਗਾ

* ਮੰਗਿਆ ਭਾਅ ਮਿਲਣ ਨਾਲ ਕਿਸਾਨ ਆਗੂ ਖੁਸ਼

ਚੰਡੀਗੜ੍ਹ, 24 ਅਗਸਤ, (ਪੋਸਟ ਬਿਊਰੋ)- ਗੰਨੇ ਦੇ ਭਾਅ ਅਤੇ ਬਕਾਏ ਬਾਰੇ ਸੰਘਰਸ਼ ਕਰਦੇ ਕਿਸਾਨਾਂ ਦੇ ਲੀਡਰਾਂ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਚਾਲੇ ਅੱਜ ਦੀ ਮੀਟਿੰਗ ਵਿੱਚ ਸਮਝੌਤਾ ਸਿਰੇ ਚੜ੍ਹ ਗਿਆ ਹੈ। ਇਸ ਮੀਟਿੰਗ ਦੇ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਇਕ ਫੋਟੋ ਸ਼ੇਅਰ ਕੀਤੀ ਹੈ, ਜਿਸ ਵਿਚ ਕਿਸਾਨ ਆਗੂ ਉਨ੍ਹਾਂ ਦਾ ਮੂੰਹ ਮਿੱਠਾ ਕਰਵਾ ਰਹੇ ਹਨ। ਪੰਜਾਬ ਸਰਕਾਰ ਨੇ ਇਹ ਮੰਗ ਮੰਨ ਲਈ ਹੈ ਕਿ ਉਹ ਗੰਨੇ ਦਾਭਾਅ 360 ਰੁਪਏ ਪ੍ਰਤੀ ਕੁਇੰਟਲ ਤੱਕ ਦੇਵੇਗੀ ਤੇ ਗੰਨਾ ਕਿਸਾਨਾਂ ਦਾ ਪਿਛਲਾ ਬਕਾਇਆ ਵੀ 15 ਦਿਨਾਂ ਵਿਚ ਦੇਵੇਗੀ। ਕਿਸਾਨਾਂ ਲੀਡਰਾਂ ਨੇ ਕਿਹਾ ਕਿ ਸਰਕਾਰ ਨੇ ਮੰਗਾਂ ਮੰਨ ਲਈਆਂ ਹਨ ਤੇ ਅਸੀਂ ਧਰਨਾ ਖਤਮ ਕਰਨ ਲਈ ਆਖ ਦਿੱਤਾਹੈ।

ਇਸ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਫੋਟੋ ਪੇਸ਼ ਕਰ ਕੇ ਲਿਖਿਆ: ‘ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਕਿਸਾਨਾਂ ਨਾਲ ਸਲਾਹ ਪਿੱਛੋਂ ਗੰਨੇ ਲਈ 360 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਐਸਏਪੀ (ਸਰਕਾਰ ਦੀ ਸਹਿਮਤੀ ਵਾਲੀ ਕੀਮਤ) ਨੂੰ ਮਨਜ਼ੂਰੀ ਦੇ ਦਿੱਤੀ ਹੈ। ਮੇਰੀ ਸਰਕਾਰ ਸਾਡੇ ਕਿਸਾਨਾਂ ਦੀ ਭਲਾਈ ਕਰਨ ਲਈ ਵਚਨਬੱਧ ਹੈ। ਜੈ ਕਿਸਾਨ, ਜੈ ਜਵਾਨ!’ ਇਸ ਤੋਂ ਪਹਿਲਾਂ ਇਕ ਹੋਰ ਟਵੀਟ ਵਿਚ ਉਨ੍ਹਾਂ ਦੇ ਮੀਡੀਆ ਸਲਾਹਕਾਰ ਨੇ ਦੱਸਿਆ ਕਿ ਗੰਨਾ ਕਿਸਾਨਾਂ ਦੀ ਮੰਗ ਮੰਨ ਕੇ ਪੰਜਾਬ ਦੇ ਮੁੱਖ ਮੰਤਰੀ ਨੇ ਪਿੜਾਈ ਸੀਜ਼ਨ 2021-22 ਲਈ ਰਾਜ ਸਹਿਮਤੀ ਕੀਮਤ (ਐਸ ਏ ਪੀ) ਵਿੱਚ 35 ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਮੁੱਖ ਮੰਤਰੀ ਵੱਲੋਂ ਗੰਨੇ ਦਾ ਭਾਅ ਤੈਅ ਕਰਨ ਲਈ ਕਿਸਾਨਾਂ ਨਾਲ ਰੱਖੀਮੀਟਿੰਗ ਵਿੱਚਅਫ਼ਸਰਾਂ ਤੇ ਵਿਧਾਇਕਾਂ ਦੇ ਨਾਲ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਵੀ ਸਨ। ਇਸ ਮੌਕੇ ਮੁੱਖ ਮੰਤਰੀ ਨੇ ਸਰਕਾਰ ਦੀ ਆਰਥਿਕ ਸਥਿਤੀ ਮਾੜੀ ਦੱਸ ਕੇ ਗੰਨੇ ਦਾ ਭਾਅ 340 ਰੁਪਏ ਪ੍ਰਤੀ ਕੁੰਇਟਲ ਦੇਣ ਦਾ ਭਰੋਸਾ ਦਿੱਤਾ, ਪਰ ਕਿਸਾਨ ਆਗੂ 400 ਰੁਪਏ ਪ੍ਰਤੀ ਕੁਇੰਟਲ ਉੱਤੇ ਅੜੇ ਰਹੇ ਤਾਂ 360 ਉੱਤੇ ਗੱਲ ਮੁੱਕ ਗਈ। ਪਤਾ ਲੱਗਾ ਹੈ ਕਿ ਇਕ ਅਧਿਕਾਰੀ ਅਤੇ ਇਕ ਵਿਧਾਇਕ ਨੇ ਗੰਨੇ ਦੀ ਕੀਮਤ ਦੇ ਅੰਕੜੇ ਪੇਸ਼ ਕੀਤੇ ਤਾਂ ਕਿਸਾਨਾਂ ਨੇ ਇਸਦਾ ਵਿਰੋਧ ਕੀਤਾ।ਇਸ ਮੌਕੇ ਇੱਕ ਵਿਧਾਇਕ ਬੋਲਿਆ ਕਿ ਭਾਵੇਂ 558 ਰੁਪਏ ਦੇ ਦਿਓ, ਪਰ ਹਰਿਆਣਾ ਵਾਂਗ ਇੰਡਸਟਰੀ ਦਾ ਘਾਟਾ ਸਰਕਾਰ ਝੱਲ ਲਵੇ।ਮੁੱਖ ਮੰਤਰੀ ਇਕ ਵਾਰ ਹਰਿਆਣਾ ਦੇ ਬਰਾਬਰ ਭਾਅ ਦੇਣਾ ਮੰਨ ਗਏ, ਪਰਜਦੋਂਕਿਸਾਨ ਆਗੂ ਹਰਿਆਣਾ ਨਾਲੋਂ ਵੱਧ ਭਾਅ ਦੀ ਜ਼ਿੱਦ ਉੱਤੇ ਅੜੇ ਰਹੇ ਤਾਂ ਇਕ ਆਗੂ ਨੇ ਕਹਿ ਦਿੱਤਾ ਕਿ ਦੋ ਰੁਪਏ ਵੱਧ ਦੇ ਦਿਓ, ਪਰ ਹਰਿਆਣਾ ਤੋਂ ਵੱਧ ਦੇਵੋ।ਇਸ ਤਰ੍ਹਾਂ ਮੁੱਖ ਮੰਤਰੀ ਨੇ 360 ਰੁਪਏ ਗੰਨੇ ਦੇ ਭਾਅ ਦੀ ਸਹਿਮਤੀ ਦੇ ਦਿੱਤੀ।

ਪੈਰਾ-ਉਲੰਪਿਕ ਖੇਡਾਂ ਦੇ ਸ਼ਾਨਦਾਰ ਆਗਾਜ਼ ਮੌਕੇ ਕੋਰੋਨਾ ਰੁਕਾਵਟਾਂ ਦੇ ਬਾਵਜੂਦ ਅੱਗੇ ਵਧਣ ਦਾ ਹੋਕਾ

ਟੋਕੀਓ, 24 ਅਗਸਤ, (ਪੋਸਟ ਬਿਊਰੋ)- ਪੈਰਾ ਅਥਲੀਟਾਂ ਦੇ ਜਜ਼ਬੇ ਨੂੰ ਸਲਾਮ ਕਰਦੇ ਹੋਏ ਅੱਜ ਜਾਪਾਨ ਦੀ ਰਾਜਧਾਨੀ ਟੋਕੀਓ ਵਿੱਚ 16ਵੀਆਂ ਪੈਰਾ ਓਲੰਪਿਕ ਖੇਡਾਂ ਦਾ ਉਦਘਾਟਨ ਸਮਾਗਮ ਹੋਇਆ, ਜਿਸ ਵਿਚ ਕੋਵਿਡ-19 ਮਹਾਮਾਰੀ ਦੇ ਕਾਰਨ ਰੁਕਾਵਟਾਂ ਦੇ ਬਾਵਜੂਦ ਅੱਗੇ ਵਧਣ ਦਾ ਸੁਨੇਹਾ ਦਿੱਤਾ ਗਿਆ। ਪੈਰਾ ਓਲੰਪਿਕ ਖੇਡਾਂ 57 ਸਾਲਾਂ ਦੇ ਬਾਅਦ ਟੋਕੀਓ ਵਿਚ ਹੋ ਰਹੀਆਂ ਹਨ, ਜਿਸ ਨਾਲ ਜਾਪਾਨ ਦੀ ਰਾਜਧਾਨੀ ਦੋ ਵਾਰ ਇਹ ਖੇਡਾਂ ਕਰਾਉਣ ਵਾਲਾ ਪਹਿਲਾ ਸ਼ਹਿਰ ਬਣ ਗਈ ਹੈ।ਇਸ ਸਮਾਗਮ ਲਈ ਪੈਰਾ ਏਅਰਪੋਰਟ ਵਰਗਾ ਮੰਚ ਤਿਆਰ ਕੀਤਾ ਗਿਆ ਸੀ।

ਅੱਜ ਇਸ ਸਮਾਗਮ ਦੀ ਸ਼ੁਰੂਆਤ ਇਕ ਵੀਡੀਓ ਨਾਲ ਹੋਈ ਜਿਸ ਵਿਚ ਪੈਰਾ ਖਿਡਾਰੀਆਂ ਦੀ ਤਾਕਤ ਦਿਖਾਈ ਗਈ ਸੀ। ਵੀਡੀਓ ਦੇ ਖ਼ਤਮ ਹੁੰਦੇ ਸਾਰ ਪੈਰਾ ਏਅਰਪੋਰਟ ਦੇ ਕਰਮਚਾਰੀਆਂ ਵਰਗੇ ਪਹਿਰਾਵੇ ਵਿਚ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਤੋਂ ਬਾਅਦ ਸਟੇਡੀਅਮ ਉੱਤੇ ਆਤਿਸ਼ਬਾਜ਼ੀ ਦਾ ਸ਼ਾਨਦਾਰ ਨਜ਼ਾਰਾ ਦਿੱਸਿਆ। ਇਸ ਤੋਂ ਪਹਿਲਾਂ ਅੰਤਰਰਾਸ਼ਟਰੀ ਪੈਰਾ ਓਲੰਪਿਕ ਕਮੇਟੀ ਦੇ ਪ੍ਰਧਾਨ

ਐਂਡਰਿਊ ਪਾਰਸਨਸ ਤੇ ਜਾਪਾਨ ਦੇ ਰਾਜਾ ਨਾਰੂਹਿਤੋ ਦਾ ਸਟੇਡੀਅਮ ਵਿਚ ਸਵਾਗਤ ਕੀਤਾ ਗਿਆ, ਜਿਸ ਤੋਂ ਬਾਅਦ ਚਾਰ ਵਾਰ ਦੇ ਓਲੰਪਿਕ ਫ੍ਰੀ ਸਟਾਈਲ ਕੁਸ਼ਤੀ ਚੈਂਪੀਅਨ ਕਾਓਰੀ ਇਕੋ ਅਤੇ ਬਚਾਅ ਕਾਰਕੁਨ ਤਾਕੁਮੀ ਅਸਤਾਨੀ ਸਮੇਤ ਛੇ ਵਿਅਕਤੀ ਜਾਪਾਨ ਦਾ ਝੰਡਾ ਮੰਚ ਉੱਤੇ ਲੈ ਕੇ ਆਏ।

ਇਨ੍ਹਾਂ ਸੰਸਾਰ ਪੱਧਰ ਦੀਆਂ ਖੇਡਾਂ ਵਿਚ ਇਸ ਵਾਰੀ ਰਿਕਾਰਡ 4403 ਖਿਡਾਰੀ ਸ਼ਾਮਲ ਹੋਣਗੇ। ਇਸ ਦਾ ਪਿਛਲਾ ਰਿਕਾਰਡਰੀਓ 2016 ਵਿਚ 4328 ਖਿਡਾਰੀਆਂ ਦਾ ਸੀ। ਟੋਕੀਓ ਪੈਰਾ ਓਲੰਪਿਕ ਖੇਡਾਂ ਵਿਚ 2550 ਮਰਦ ਤੇ 1853 ਮਹਿਲਾ ਖਿਡਾਰੀ ਤਾਕਤ ਵਿਖਾਉਣਗੇ। ਪੰਜ ਸਤੰਬਰ ਤਕ ਚੱਲਣ ਵਾਲੀਆਂ ਇਨ੍ਹਾਂ ਖੇਡਾਂ ਵਿਚ ਭਾਰਤ ਦੀ ਨੁਮਾਇੰਦਗੀ 54 ਖਿਡਾਰੀ ਕਰਨਗੇ, ਜੋ ਭਾਰਤ ਦੀ ਅੱਜ ਤਕ ਦੀ ਸਭ ਤੋਂ ਵੱਡੀ ਟੀਮ ਹੈ।

ਕੈਪਟਨ ਪੱਖੀ ਮੰਤਰੀਆਂ ਨੇ ਨਵਜੋਤ ਸਿੱਧੂ ਦੇ ਸਲਾਹਕਾਰਾਂ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਚੁੱਕੀ

* ਭਾਰਤ ਵਿਰੋਧੀ ਟਿੱਪਣੀਆਂ ਦਾ ਮਾਮਲਾ ਉਭਾਰਿਆ ਗਿਆ

ਚੰਡੀਗੜ੍ਹ, 24 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੱਖ ਵਾਲੇ ਮੰਤਰੀਆਂ ਅਤੇ ਵਿਧਾਇਕਾਂ ਨੇ ਅੱਜ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਦੋ ਸਲਾਹਕਾਰਾਂ ਵੱਲੋਂ ਦੇਸ਼-ਵਿਰੋਧੀ ਅਤੇ ਪਾਕਿਸਤਾਨ ਪੱਖੀ ਟਿੱਪਣੀਆਂ ਕਰਨ ਦਾ ਸਖਤ ਨੋਟਿਸ ਲਿਆ ਅਤੇ ਕਾਰਵਾਈ ਦੀ ਮੰਗ ਕੀਤੀ ਹੈ।

ਇਸ ਬਾਰੇਪੰਜਾਬ ਦੇ ਮੰਤਰੀਆਂ ਤੇ ਵਿਧਾਇਕਾਂ ਦੇ ਇੱਕ ਗਰੁੱਪ ਨੇ ਅੱਜ ਨਵਜੋਤ ਸਿੰਘ ਸਿੱਧੂ ਦੇ ਦੋ ਸਲਾਹਕਾਰਾਂ ਮਾਲਵਿੰਦਰ ਸਿੰਘ ਮਾਲੀ ਤੇ ਡਾਕਟਰ ਪਿਆਰੇ ਲਾਲ ਗਰਗ ਦੇ ਵਿਰੁੱਧ ਕਾਨੂੰਨੀਕਾਰਵਾਈ ਦੀ ਮੰਗ ਕੀਤੀ ਹੈ। ਇਹ ਮੰਗ ਕਰਨ ਵਾਲਿਆਂ ਵਿੱਚ ਮੰਤਰੀ ਬ੍ਰਹਮ ਮਹਿੰਦਰਾ, ਵਿਜੇਇੰ-ਦਰ ਸਿੰਗਲਾ, ਭਾਰਤ ਭੂਸ਼ਣ ਆਸ਼ੂ, ਬਲਬੀਰ ਸਿੰਘ ਸਿੱਧੂ ਅਤੇ ਸਾਧੂ ਸਿੰਘ ਧਰਮਸੋਤ ਦੇ ਨਾਲ ਵਿਧਾਇਕ ਰਾਜ ਕੁਮਾਰ ਵੇਰਕਾ ਵੀ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਦੇ ਇਨ੍ਹਾਂ ਦੋ ਸਲਾਹਕਾਰਾਂ ਦੇ ਬਿਆਨ ਸਪੱਸ਼ਟ ਤੌਰ ਉੱਤੇ ਭਾਰਤ ਦੇ ਹਿੱਤਾਂ ਵਿਰੁੱਧਤੇ ਦੇਸ਼ ਦੀ ਸੁਰੱਖਿਆ ਲਈ ਖਤਰਨਾਕ ਹਨ, ਇਸ ਲਈ ਇਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਦੇਣਾਲਉਨ੍ਹਾਂ ਨੇ ਕਾਂਗਰਸ ਹਾਈ ਕਮਾਨ ਨੂੰ ਅਪੀਲ ਕੀਤੀ ਹੈ ਕਿ ਪਾਰਟੀ ਤੇ ਦੇਸ਼ ਦੇ ਹਿੱਤ ਲਈ ਸਿੱਧੂ ਨੂੰ ਆਪਣੇ ਇਨ੍ਹਾਂ ਦੋਵਾਂ ਸਲਾਹਕਾਰਾਂ ਉੱਤੇ ਲਗਾਮ ਲਾਉਣ ਨੂੰ ਕਿਹਾ ਜਾਵੇ। ਇਨ੍ਹਾਂ ਨੇ ਕਿਹਾ ਕਿ ਕਾਂਗਰਸ ਨੇ ਦੇਸ਼ ਦੀ ਸੁਰੱਖਿਆ ਤੇ ਸ਼ਾਂਤੀ ਲਈ ਕੁਰਬਾਨੀਆਂ ਦਿੱਤੀਆਂ ਹਨ, ਸਰਹੱਦਾਂ ਉੱਤੇਸਾਡੇ ਫੌਜੀ ਦੇਸ਼ ਲਈ ਕੁਰਬਾਨੀਆਂ ਕਰਦੇ ਹਨ ਤੇ ਕਿਸੇ ਨੂੰ ਵੀ ਇਹ ਕੁਰਬਾਨੀਆਂ ਦਾਅ ਉੱਤੇ ਲਾਉਣ ਤੇ ਦੇਸ਼ ਅਤੇ ਇਸ ਦੇ ਲੋਕਾਂ ਦੀ ਸੁਰੱਖਿਆ ਖਤਰੇ ਵਿੱਚ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਇਹ ਬਿਆਨ ਖਾਸ ਤੌਰ ਉੱਤੇ ਸਰਹੱਦੀ ਸੂਬੇ ਪੰਜਾਬ ਲਈ ਗੰਭੀਰ ਸਾਬਤ ਹੋ ਸਕਦੇ ਹਨ।ਉਨ੍ਹਾਂ ਕਿਹਾ ਕਿ ਆਪਣੇ ਖਾਸ ਸਹਿਯੋਗੀਆਂ ਵੱਲੋਂਇਨ੍ਹਾਂ ਦੇਸ਼ ਵਿਰੋਧੀ ਤੇ ਪਾਕਿ-ਸਤਾਨ ਪੱਖੀ ਬਿਆਨਾਂ ਉੱਤੇਨਵਜੋਤ ਸਿੰਘ ਸਿੱਧੂ ਵੱਲੋਂ ਕੋਈ ਕਾਰਵਾਈ ਨਾ ਕਰਨ ਕਰ ਕੇ ਸਿੱਧੂ ਉੱਤੇ ਸਵਾਲ ਉੱਠ ਰਹੇ ਹਨ। ਇਨ੍ਹਾਂ ਮੰਤਰੀਆਂ ਅਤੇ ਇੱਕ ਵਿਧਾਇਕ ਨੇ ਕਿਹਾ ਕਿ ਇਹ ਘਟਨਾ ਚੱਕਰ ਕਾਂਗਰਸ ਨੂੰ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ, ਜਿਨ੍ਹਾਂਲਈ ਛੇ ਮਹੀਨਿਆਂ ਤੋਂ ਵੀ ਘੱਟ ਸਮਾਂ ਰਹਿੰਦਾ ਹੈ, ਦੌਰਾਨ ਵੱਡਾ ਨੁਕਸਾਨ ਪਹੁੰਚਾ ਸਕਦਾ ਹੈ।

ਸਮਝਿਆ ਜਾਂਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਵਿਰੁੱਧ ਚਾਰ ਮੰਤਰੀਆਂ ਸਣੇ 34 ਵਿਧਾਇਕਾਂ ਦੀ ਮੀਟਿੰਗ ਤੇ ਬਗਾਵਤੀ ਸੁਰਾਂ ਨੂੰ ਚੁਣੌਤੀ ਦੇਣ ਲਈ ਇਨ੍ਹਾਂ ਕੈਪਟਨ ਪੱਖੀ ਮੰਤਰੀਆਂ ਨੇ ਏਦਾਂ ਦਾ ਬਿਆਨ ਦਿੱਤਾ ਅਤੇ ਹਾਈ ਕਮਾਨ ਤੋਂ ਕਾਰਵਾਈ ਦੀ ਮੰਗ ਕੀਤੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਕੇਂਦਰੀ ਮੰਤਰੀ ਨਰਾਇਣ ਰਾਣੇ ਮਹਾਰਾਸ਼ਟਰ ਵਿੱਚ ਗ੍ਰਿਫਤਾਰ, ਅੱਧੀ ਰਾਤ ਜ਼ਮਾਨਤ ਮਿਲੀ

* ਮੁੱਖ ਮੰਤਰੀ ਠਾਕਰੇ ਨੂੰ ਥੱਪੜ ਮਾਰਨ ਦਾ ਬਿਆਨ ਮਹਿੰਗਾ ਪਿਆ

ਮੁੰਬਈ, 24 ਅਗਸਤ, (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਮੰਤਰੀ ਤੇ ਭਾਜਪਾ ਆਗੂ ਨਾਰਾਇਣ ਰਾਣੇ ਨੂੰ ਅੱਜ ਪੁਲਸ ਨੇ ਗ੍ਰਿਫਤਾਰ ਕਰ ਲਿਆ। ਉਨ੍ਹਾਂ ਵਿਰੁੱਧ ਮਹਾਰਾਸ਼ਟਰ ਦੇ ਮੁੱਖ ਮੰਤਰੀ ਉਧਵ ਠਾਕਰੇ ਨੂੰ ਥੱਪੜ ਮਾਰਨ ਦਾ ਬਿਆਨ ਦੇਣ ਅਤੇ ਇਸ ਰਾਜ ਵਿਚ ਹਾਲਾਤ ਖਰਾਬ ਕਰਨ ਦਾ ਦੋਸ਼ ਹੈ। ਮੰਗਲਵਾਰ ਦੇਪਹਿਰ ਬਾਅਦ ਗ੍ਰਿਫਤਾਰੀ ਪਿੱਛੋਂ ਰਾਣੇ ਨੂੰ ਅੱਧੀ ਰਾਤ ਨੇੜੇ ਸਥਾਨਕ ਅਦਾਲਤ ਦੇ ਜੱਜ ਨੇ ਜ਼ਮਾਨਤ ਉੱਤੇ ਛੱਡਣ ਦਾ ਹੁਕਮ ਦੇ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਮਹਾਡਦੀ ਮੈਜਿਸਟ੍ਰੇਟ ਕੋਰਟ ਨੇ ਕੇਂਦਰੀ ਮੰਤਰੀ ਨਾਰਾਇਣ ਰਾਣੇ ਨੂੰ ਮਹਾਰਾਸ਼ਟਰ ਦੇ ਮੁੱਖ ਮੰਤਰੀ ਉਧਵ ਠਾਕਰੇ ਦੇ ਖਿਲਾਫ ਉਨ੍ਹਾਂ ਦੇ ਬਿਆਨ ਦੇ ਸਬੰਧ ਵਿੱਚ 15 ਹਜ਼ਾਰ ਰੁਪਏ ਦਾ ਨਿੱਜੀ ਮੁਚਲਕਾ ਲੈਣ ਦੇ ਬਾਅਦ ਜਮਾਨਤ ਦੇਦਿੱਤੀ ਹੈ, ਪਰ ਪੁੱਛਗਿੱਛ ਲਈ ਹਾਜ਼ਰ ਹੋਣ ਨੂੰ ਕਹਿ ਦਿੱਤਾ ਹੈ। ਕੇਂਦਰੀ ਮੰਤਰੀ ਨਾਰਾਇਣ ਰਾਣੇ ਨੇ ਆਜ਼ਾਦੀ ਦਿਨ ਦੇ ਸੰਬੰਧ ਵਿੱਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਉਧਵ ਠਾਕਰੇ ਦੇ ਭਾਸ਼ਣ ਵਿੱਚ ਇੱਕ ਜਗ੍ਹਾ ਉੱਕ ਜਾਣ ਦੇ ਮੁੱਦੇ ਨੂੰ ਲੈ ਕੇ ਕਿਹਾ ਸੀ ਕਿ ਮੈਂ ਓਥੇ ਹੁੰਦਾ ਤਾਂ ਉਸ ਨੂੰ ਥੱਪੜ ਮਾਰ ਦੇਂਦਾ। ਇਹ ਗੱਲ ਵਧੀ ਤਾਂ ਉਸ ਨੇ ਫਿਰ ਇਹ ਗੱਲ ਦੁਹਰਾ ਦਿੱਤੀ। ਇਸ ਨਾਲ ਨਾਰਾਇਣ ਰਾਣੇ ਦੇ ਖਿਲਾਫ

ਸਮੁੱਚੇ ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਦੇ ਵਰਕਰ ਭੜਕ ਪਏ ਤੇ ਕੁਝ ਥਾਂਈਂ ਨਾਰਾਰਿਣ ਰਾਣੇ ਦੀ ਪਾਰਟੀ ਭਾਜਪਾ ਦੇ ਦਫਤਰਾਂ ਉੱਤੇ ਪੱਥਰਬਾਜ਼ੀ ਦੇ ਇਲਾਵਾ ਪੁਲਸ ਕੋਲ ਕੇਸ ਵੀ ਦਰਜ ਕਰਵਾ ਦਿੱਤਾ ਗਿਆ। ਇਸ ਪਿੱਛੋਂ ਪੁਲਸ ਨੇ ਨਾਰਾਇਣ ਰਾਣੇ ਨੂੰ ਗ੍ਰਿਫਤਾਰ ਕਰਨ ਦੀ ਕਾਰਵਾਈ ਸ਼ੁਰੂ ਹੋਈ ਤਾਂ ਰਾਣੇ ਦੀ ਜ਼ਮਾਨਤ ਕਰਉਣ ਦੇ ਯਤਨ ਪਿੱਛੋਂ ਜ਼ਮਾਨਤ ਨਹੀਂ ਸੀ ਮਿਲ ਸਕੀ ਤੇ ਹਾਈ ਕੋਰਟ ਤੋਂ ਵੀ ਰਾਹਤ ਨਹੀਂ ਸੀ ਮਿਲੀ। ਉਸ ਦੇ ਬਾਅਦ ਉਸ ਨੂੰ ਗ੍ਰਿਫਤਾਰ ਕਰ ਕੇ ਜਦੋਂ ਰਾਤ ਗਿਆਰਾਂ ਵਜੇ ਸਥਾਨਕ ਮੈਜਿਸਟਰੇਟ ਕੋਲ ਪੇਸ਼ ਕੀਤਾ ਤਾਂ ਓਥੇ ਬਹਿਸ ਤੋਂ ਬਾਅਦ ਅਦਾਲਤ ਨੇ ਨਾਰ-ਾਇਣ ਰਾਣੇ ਦੀ ਜ਼ਮਾਨਤ ਮਨਜ਼ੂਰ ਕਰ ਲਈ। ਇਸ ਬਾਰੇ ਭਾਰਤੀ ਜਨਤਾ ਪਾਰਟੀ ਨੇ ਕਿਹਾ ਹੈ ਕਿ ਉਹ ਆਪਣੇ ਕੇਂਦਰੀ ਮੰਤਰੀ ਨਾਰਾਇਣ ਰਾਣੇ ਵੱਲੋਂ ਮੁੱਖ ਮੰਤਰੀ ਬਾਰੇ ਬੋਲੇ ਗਏ ਸ਼ਬਦਾਂ ਨੂੰ ਠੀਕ ਨਹੀਂ ਸਮਝਦੀ, ਇਹ ਲਫਜ਼ ਨਹੀਂ ਸੀ ਬੋਲਣੇ ਚਾਹੀਦੇ, ਪਰ ਉਹ ਆਪਣਾ ਆਗੂ ਹੋਣ ਕਰ ਕੇ ਪਾਰਟੀ ਪੂਰੀ ਤਰ੍ਹਾਂ ਉਸ ਦੀ ਮਦਦ ਕਰਦੀ ਰਹੇਗੀ। ਇਸ ਨਾਲ ਭਾਜਪਾ ਅਤੇ ਸ਼ਿਵ ਸੈਨਾ ਵਿਚਾਲੇ ਵੀ ਕੁੜੱਤਣ ਵਧ ਸਕਦੀ ਹੈ। ਖਬਰ ਏਜੰਸੀ ਅਨੁਸਾਰ ਅੱਜ ਯੁਵਾ ਸੈਨਾ ਦੀ ਸ਼ਿਕਾਇਤ ਉੱਤੇ ਪੁਣੇ ਦੇ ਚਤੁਰਸ਼ੁੰਗੀ ਥਾਣੇ ਵਿੱਚ ਨਾਰਾਇਣ ਰਾਣੇ ਦੇ ਖਿਲਾਫ ਧਾਰਾ 153 ਅਤੇ 505 ਦਾ ਕੇਸ ਦਰਜ ਕੀਤਾ ਗਿਆ ਹੈ।

REXDALE BODY SHOP
USED CAR SALE

CHEEMA
LOWEST PRICE IN TOWN
Towing Service Car Paint Starts $799*upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED

25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

...ਪੰਨਾ 1 ਦਾ ਬਾਕੀ

Grand Upholstery Ltd
Sofa Company Originality in Every Piece

Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

Founder Editor	Jagdish Singh Grewal
Managing Director	Parminder Kaur Grewal
Contributing Editors	Gyan Singh,
Office Admin	Sajandeep Singh
Graphic Designer	Angrez Singh
Photographer	Kanwaljit Singh Kanwal
Distributer Marketing:	Aman Warraich Sajandeep Singh

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

31 ਅਗਸਤ ਤੋਂ ਬਾਅਦ ਵੀ ਕੈਨੇਡਾ ਆਪਣੇ ਸੈਨਿਕ ਅਫਗਾਨਿਸਤਾਨ ਰੱਖਣ ਲਈ ਤਿਆਰ : ਟਰੂਡੋ

...ਪੰਨਾ 1 ਦਾ ਬਾਕੀ

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਵੀ ਇਹ ਆਸ ਸੀ ਕਿ ਇਸ ਜੀ-7 ਮੀਟਿੰਗ ਵਿੱਚ ਕੁੱਝ ਭਾਈਵਾਲ ਮੁਲਕ 31 ਅਗਸਤ ਦੀ ਡੈੱਡਲਾਈਨ ਤੋਂ ਬਾਅਦ ਵੀ ਅਮਰੀਕੀ ਫੌਜ ਨੂੰ ਉੱਥੇ ਹੀ ਰੁਕਣ ਦੀ ਮੰਗ ਕਰ ਸਕਦੇ ਹਨ। ਦੂਜੇ ਪਾਸੇ ਤਾਲਿਬਾਨ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਇਹ ਡੈੱਡਲਾਈਨ ਪੱਕੀ ਹੈ ਤੇ ਇਸ ਤਰੀਕ ਤੱਕ ਸਾਰੀਆਂ ਫੌਜਾਂ ਨੂੰ ਵਾਪਿਸ ਲੈ ਲਿਆ ਜਾਵੇ ਨਹੀਂ ਤਾਂ ਇਸ ਦੇ ਖਤਰਨਾਕ ਨਤੀਜੇ ਨਿਕਲਣਗੇ।

ਇਸ ਵਰਚੂਅਲ ਸਿਖਰ ਵਾਰਤਾ ਦੀ ਮੇਜ਼ਬਾਨੀ ਕਰਨ ਵਾਲੇ ਬ੍ਰਿਟਿਸ਼ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਨ ਵੱਲੋਂ ਵੀ ਹਾਲ ਦੀ ਘੜੀ ਫੌਜਾਂ ਅਫਗਾਨਿਸਤਾਨ ਵਿੱਚ ਰਹਿਣ ਦੇਣ ਦੀ ਅਪੀਲ ਕੀਤੀ ਗਈ। ਇਹ ਆਗੂ ਚਾਹੁੰਦੇ ਹਨ ਕਿ ਜਿਹੜੇ ਅਫਗਾਨੀਆਂ ਨੇ ਅਮੈਰੀਕਨਜ਼ ਤੇ ਨਾਟੋ ਸੈਨਾਵਾਂ ਦੀ ਮਦਦ ਕੀਤੀ ਸੀ ਉਨ੍ਹਾਂ ਨੂੰ ਵੀ ਹੋਰਨਾਂ ਵਿਦੇਸ਼ੀ ਨਾਗਰਿਕਾਂ ਦੇ ਨਾਲ ਹੀ ਦੇਸ਼ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ ਜਾਵੇ।

ਟੋਰਾਂਟੋ ਪੁਲਿਸ ਨੇ ਆਪਣੇ ਅਧਿਕਾਰੀਆਂ ਤੇ ਸਟਾਫ ਲਈ ਕੋਵਿਡ-19 ਵੈਕਸੀਨੇਸ਼ਨ ਕੀਤੀ ਲਾਜ਼ਮੀ

...ਪੰਨਾ 1 ਦਾ ਬਾਕੀ

ਪੁਲਿਸ ਚੀਫ ਜੇਮਜ਼ ਰੇਮਰ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਸਾਡੇ ਮੈਂਬਰਾਂ, ਸਾਡੀਆਂ ਕੰਮ ਵਾਲੀਆਂ ਥਾਂਵਾਂ ਤੇ ਜਨਤਾ ਦੀ ਸੁਰੱਖਿਆ ਸਾਡੇ ਲਈ ਸੱਭ ਤੋਂ ਅਹਿਮ ਹੈ। ਇੱਕ ਦੂਜੇ ਦੀ ਅਤੇ ਕਮਿਊਨਿਟੀਜ਼ ਦੀ ਹਿਫਾਜ਼ਤ ਲਈ ਸਾਡੇ ਮੈਂਬਰਾਂ ਦਾ ਪੂਰੀ ਤਰ੍ਹਾਂ ਵੈਕਸੀਨੇਟ ਹੋਣਾ ਜ਼ਰੂਰੀ ਹੈ।

ਕਈ ਗਰੁੱਪਜ਼ ਤੇ ਬਿਜ਼ਨਸਿਜ਼ ਵੱਲੋਂ ਵੈਕਸੀਨੇਸ਼ਨ ਦਾ ਸਬੂਤ ਦੇਣ ਦੇ ਸ਼ੁਰੂ ਕੀਤੇ ਗਏ ਸਿਲਸਿਲੇ ਵਿੱਚ ਟੋਰਾਂਟੋ ਪੁਲਿਸ ਵੀ ਸ਼ਾਮਲ ਹੋ ਗਈ ਹੈ। ਇਸ ਤੋਂ ਪਹਿਲਾਂ 13 ਸਤੰਬਰ ਨੂੰ ਹੋਣ ਵਾਲੀਆਂ ਹੋਮ ਗੇਮਜ਼ ਲਈ ਟੋਰਾਂਟੋ ਬਲੂ ਜੇਅਜ਼ ਨੇ ਐਲਾਨ ਕੀਤਾ ਸੀ ਕਿ ਰੌਜਰਜ਼ ਸੈਂਟਰ ਆਉਣ ਵਾਲਿਆਂ ਲਈ ਵੈਕਸੀਨ ਦਾ ਸਟੇਟਸ ਵਿਖਾਉਣਾ ਜ਼ਰੂਰੀ ਹੋਵੇਗਾ। ਮਿਰਵਿਸ ਥਿਏਟਰ ਤੇ ਟੋਰਾਂਟੋ ਇੰਟਰਨੈਸ਼ਨਲ ਫਿਲਮ ਫੈਸਟੀਵਲ ਵੀ ਆਪਣੇ ਈਵੈਂਟਸ ਤੋਂ ਪਹਿਲਾਂ ਵੈਕਸੀਨ ਸਬੰਧੀ ਲਾਜ਼ਮੀ ਪ੍ਰੋਟੋਕਾਲ ਪੇਸ਼ ਕਰ ਚੁੱਕੇ ਹਨ।

ਇੱਥੇ ਹੀ ਬੱਸ ਨਹੀਂ ਯੂਨੀਵਰਸਿਟੀ ਹੈਲਥ ਨੈੱਟਵਰਕ ਨੇ ਪਿਛਲੇ ਹਫਤੇ ਆਖਿਆ ਸੀ ਕਿ ਜਿਨ੍ਹਾਂ ਸਟਾਫ ਮੈਂਬਰਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਵੇਗਾ।

ਵੈਕਸੀਨੇਸ਼ਨ ਲਾਜ਼ਮੀ ਕਰਨ ਦਾ ਟੋਰਾਂਟੋ ਪੁਲਿਸ ਐਸੋਸਿਏਸ਼ਨ ਨੇ ਕੀਤਾ ਵਿਰੋਧ

...ਪੰਨਾ 1 ਦਾ ਬਾਕੀ

13 ਸਤੰਬਰ ਤੋਂ ਬਾਅਦ ਆਫੀਸਰਜ਼ ਤੇ ਸਟਾਫ ਨੂੰ ਆਪਣੇ ਵੱਲੋਂ ਕਰਵਾਈ ਗਈ ਵੈਕਸੀਨੇਸ਼ਨ ਦਾ ਸਬੂਤ ਮੁਹੱਈਆ ਕਰਵਾਉਣਾ ਹੋਵੇਗਾ। ਅਜੇ ਤੱਕ ਇਹ ਨਹੀਂ ਦੱਸਿਆ ਗਿਆ ਹੈ ਕਿ ਵੈਕਸੀਨੇਸ਼ਨ ਨਾ ਕਰਵਾਉਣ ਵਾਲਿਆਂ ਖਿਲਾਫ ਕੀ ਕਾਰਵਾਈ ਕੀਤੀ ਜਾਵੇਗੀ। ਪੁਲਿਸ ਫੋਰਸ ਦਾ ਕਹਿਣਾ ਹੈ ਕਿ ਉਹ ਪਬਲਿਕ ਹੈਲਥ ਮਾਪਦੰਡ ਜਿਵੇਂ ਕਿ ਮਾਸਕ ਲਾਉਣਾ ਤੇ ਸੋਸ਼ਲ ਡਿਸਟੈਂਸਿੰਗ ਆਦਿ ਦੇ ਨਾਲ ਨਾਲ ਹਰ ਅਹਿਤਿਆਤ ਵੀ ਵਰਤ ਰਹੀ ਹੈ। ਤਰਜਮਾਨ ਐਲੀਸਨ ਸਪਾਰਕਸ ਨੇ ਆਖਿਆ ਕਿ ਮੈਡੀਕਲ ਜਾਂ ਹੋਰਨਾਂ ਧਾਰਮਿਕ ਕਾਰਨਾਂ ਲਈ ਲੋਕਾਂ ਨੂੰ ਛੋਟ ਵੀ ਦਿੱਤੀ ਜਾ ਸਕਦੀ ਹੈ।ਉਨ੍ਹਾਂ ਆਖਿਆ ਕਿ ਅਜੇ ਅਸੀਂ ਆਪਣੀ ਨੀਤੀ ਨੂੰ ਵਿਸਥਾਰ ਵਿੱਚ ਤਿਆਰ ਕਰ ਰਹੇ ਹਾਂ ਤੇ ਇਸ ਨੂੰ ਲਾਗੂ ਕਰਨ ਵਿੱਚ ਥੋੜ੍ਹਾ ਸਮਾਂ ਲੱਗੇਗਾ।

ਇੱਕ ਵੱਖਰੇ ਬਿਆਨ ਵਿੱਚ ਟੋਰਾਂਟੋ ਪੁਲਿਸ ਐਸੋਸਿਏਸ਼ਨ (ਟੀ ਪੀ ਏ) ਨੇ ਰੇਮਰ ਵੱਲੋਂ ਮਨਜ਼ੂਰ ਕੀਤੇ ਗਏ ਲਾਜ਼ਮੀ ਵੈਕਸੀਨੇਸ਼ਨ ਸਿਸਟਮ ਨੂੰ ਰੱਦ ਕਰ ਦਿੱਤਾ। ਐਸੋਸਿਏਸ਼ਨ ਦੇ ਪ੍ਰੈਜ਼ੀਡੈਂਟ ਜੌਨ ਰੀਡ ਨੇ ਆਖਿਆ ਕਿ ਇਸ ਐਲਾਨ ਵਿੱਚ ਕਈ ਵੇਰਵੇ ਹੀ ਨਹੀਂ ਦਿੱਤੇ ਗਏ, ਇਸ ਦਾ ਅਸਰ, ਟਾਈਮਲਾਈਨਜ਼ ਜਾਂ ਸਾਡੇ ਮੈਂਬਰਾਂ ਲਈ ਉਪਲਬਧ ਹੋਰ ਬਦਲ ਆਦਿ ਬਾਰੇ ਜਾਣਕਾਰੀ ਮਿਲਣੀ ਅਜੇ ਬਾਕੀ ਹੈ।

ਨਸ਼ਿਆਂ ਤੇ ਹਥਿਆਰਾਂ ਦੀ ਸਮਗਲਿੰਗ ਦੇ ਸਬੰਧ ਵਿੱਚ ਚਾਰ ਵਿਅਕਤੀਆਂ ਨੂੰ ਕੀਤਾ ਗਿਆ ਚਾਰਜ

...ਪੰਨਾ 1 ਦਾ ਬਾਕੀ

ਮਸ਼ਕੂਕ ਦੇ ਵਾਅਨ ਸਥਿਤ ਘਰ ਵਿੱਚੋਂ ਕਥਿਤ ਤੌਰ ਉੱਤੇ ਕ੍ਰਿਸਟਲ ਮੈਥ, ਕੋਕੀਨ, ਹੈਰੋਈਨ, ਫੈਂਟਾਨਿਲ ਤੇ ਮੈਜਿਕ ਮਸ਼ਰੂਮ ਦੇ ਨਾਲ ਹੀ ਕਈ ਸੈੱਲਫੋਨ ਤੇ ਨਕਦੀ ਵੀ ਬਾਰਮਦ ਕੀਤੀ ਗਈ।ਨਿਊਮਾਰਕਿਟ ਦੇ ਇੱਕ ਹੋਰ ਘਰ ਵਿੱਚ ਰਹਿਣ ਵਾਲਿਆਂ ਨੇ ਕੋਕੀਨ ਦੇ ਪੈਕੇਟ ਟੁਆਇਲਟ ਵਿੱਚ ਫਲੱਸ਼ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਹੀਂ ਹੋ ਸਕੇ।

ਪੁਲਿਸ ਅਧਿਕਾਰੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਨੂੰ 115 ਗ੍ਰਾਮ ਕੋਕੀਨ, ਓਪੀਓਡ ਪਿੱਲਜ਼, ਕ੍ਰਿਸਟਲ ਮੈਥ ਤੇ ਫੈਂਟਾਨਿਲ ਦੇ ਨਾਲ ਨਾਲ ਕਈ ਤਰ੍ਹਾਂ ਦੇ ਅਸਲੀ ਹਥਿਆਰ ਤੇ ਹਥਿਆਰਾਂ ਦੀ ਨਕਲ, ਲਾਂਗ ਗੰਨ, ਬ੍ਰਾਸ ਨੱਕਲ ਤੇ ਬਟਰਫਲਾਈ ਨਾਈਫ ਵੀ ਮਿਲੇ।ਟੋਰਾਂਟੋ ਵਿੱਚ ਇੱਕ ਸਟੋਰੇਜ ਯੂਨਿਟ ਤੋਂ ਕਥਿਤ ਤੌਰ ਉੱਤੇ ਕਈ ਹਥਿਆਰ ਵੀ ਪੁਲਿਸ ਨੇ ਬਰਾਮਦ ਕੀਤੇ ਜਿਨ੍ਹਾਂ ਵਿੱਚ ਦੋ ਸ਼ਾਟਗੰਨਜ਼, ਇੱਕ ਰਾਈਫਲ, ਇੱਕ ਹੈਂਡਗੰਨ ਤੇ 150 ਰੱਦ ਵੀ ਮਿਲੇ।

ਇਸ ਦੌਰਾਨ ਪੁਲਿਸ ਨੇ ਵਾਅਨ ਦੇ 25 ਸਾਲਾ ਪੈਡਰਾਮ ਸਾਦੇਘੀ, 35 ਸਾਲਾ ਸ਼ਿਰੀਨ ਸਾਮਾਵਤੀ ਨੂੰ ਚਾਰਜ ਕੀਤਾ ਹੈ ਤੇ ਇਨ੍ਹਾਂ ਉੱਤੇ ਡਰੱਗ ਤੇ ਹਥਿਆਰਾਂ ਦੀ ਸਮਗਲਿੰਗ ਦੇ ਚਾਰਜ ਲਾਏ ਗਏ ਹਨ। ਨਿਊਮਾਰਕਿਟ ਦੇ 51 ਸਾਲਾ ਸਾਹਰਾਮ ਸਾਦੇਘੀ ਤੇ 48 ਸਾਲਾ ਗੀਤੀ ਸਾਦੇਘੀ ਨੂੰ ਵੀ ਡਰੱਗ ਸਮਗਲਿੰਗ ਅਤੇ ਪੁਲਿਸ ਦੇ ਕੰਮ ਵਿੱਚ ਅੜਿੱਕਾ ਡਾਹੁਣ ਲਈ ਚਾਰਜ ਕੀਤਾ ਗਿਆ ਹੈ।

ਗੂਗਲ ਨੇ 8 ਖਤਰਨਾਕ ਐਪਸ ਪਲੇਅ ਸਟੋਰ ਤੋਂ ਹਟਾਏ

ਨਵੀਂ ਦਿੱਲੀ, 24 ਅਗਸਤ (ਪੋਸਟ ਬਿਊਰੋ)- ਗੂਗਲ ਨੇ ਅੱਠ ਖਤਰਨਾਕ ਐਪਸ ਨੂੰ ਗੂਗਲ ਪਲੇਅ ਸਟੋਰ ਤੋਂ ਹਟਾ ਦਿੱਤਾ ਹੈ। ਇਨ੍ਹਾਂ ਐਪਸ ਦੀ ਮਦਦ ਨਾਲ ਹੈਕਰਜ਼ ਯੂਜ਼ਰਜ਼ ਦੇ ਡੈਟੇ ਦੀ ਚੋਰੀ ਕਰਦੇ ਸਨ ਅਤੇ ਉਸ ਨੂੰ ਆਪਣੇ ਫਾਇਦੇ ਲਈ ਇਸਤੇਮਾਲ ਕਰਦੇ ਸਨ, ਜਿਸ ਕਾਰਨ ਯੂਜ਼ਰਜ਼ ਨੂੰ ਪਰੇਸ਼ਾਨੀ ਹੁੰਦੀ ਸੀ।

ਇਸ ਸੰਬੰਧ ਵਿੱਚ ਗੂਗਲ ਦਾ ਕਹਿਣਾ ਹੈ ਕਿ ਜੇ ਤੁਹਾਡੇ ਫ਼ੋਨ ਵਿੱਚ ਇਹ ਖਤਰਨਾਕ ਐਪਸ ਹਨ ਤਾਂ ਤੁਹਾਨੂੰ ਇਹਡਿਲੀਟ ਕਰਨੇ ਚਾਹੀਦੇ ਹਨ। ਇਨ੍ਹਾਂ ਵਿੱਚ ਬਿਟਫੰਜ਼-ਕ੍ਰਿਪਟੋ ਕਲਾਊਡ ਮਾਈਨਿੰਗ, ਬਿਟਕੁਆਇਨ (ਬੀ ਟੀ ਸੀ), ਪੂਲ ਮਾਈਨਿੰਗ ਕਲਾਊਡ ਵਾਲੇਟ, ਕ੍ਰਿਪਟੋ ਹੋਲਿਕ-ਬਿਟਕੁਆਈਨ ਕਲਾਊਡ ਮਾਈਨਿੰਗ, ਡੇਲੀ ਬਿਟਕੁਆਈਨ ਰਿਵਾਰਡਜ਼-ਕਲਾਊਡ ਬੇਸਡ ਮਾਈਨਿੰਗ ਸਿਸਟਮ, ਬਿਟਕੁਾਈਨ 2021, ਮਾਈਨਬਿਟ ਪ੍ਰੋ-ਕ੍ਰਿਪਟੋ ਕਲਾਊਡ ਮਾਈਨਿੰਗ ਅਤੇ ਬੀ ਟੀ ਸੀ ਮਾਈਨਰ, ਈਥੇਰੀਅਮ-ਪੂਲ ਮਾਈਨਿੰਗ ਕਲਾਊਡ ਸ਼ਾਮਲ ਹਨ।ਇਹ ਸਾਰੇ ਐਪਸ ਕ੍ਰਿਪਟੋ ਕਰੰਸੀ ਮਾਈਨਿੰਗ ਨਾਲ ਜੁੜੇ ਸਨ। ਕ੍ਰਿਪਟੋ ਕਰੰਸੀ ਮਾਈਨਿੰਗ ਦੀ ਚਰਚਾ ਪੂਰੇ ਵਿਸ਼ਵ ਵਿੱਚ ਹੁੰਦੀ ਹੈ। ਇਸ ਕਾਰਨ ਹੈਕਰਜ਼ ਇਸ ਦਾ ਫਾਇਦਾ ਚੁੱਕ ਕੇ ਐਂਡ੍ਰਾਇਡ ਮੋਬਾਇਲ ਯੂਜ਼ਰਜ਼ ਨੂੰ ਨਿਸ਼ਾਨਾ ਬਣਾ ਰਹੇ ਹਨ।ਇਨ੍ਹਾਂ ਐਪਸ ਦੀ ਮਦਦ ਨਾਲ ਹੈਕਰਜ਼ ਮੈਲਵੇਅਰ ਅਤੇ ਐਡਵੇਅਰ ਵਾਲੇ ਮੈਲੀਸ਼ੀਅਮ ਐਪਜ਼ ਨੂੰ ਯੂਜ਼ਰ ਦੇ ਫ਼ੋਨ ਵਿੱਚ ਇੰਸਟਾਲ ਕਰ ਦਿੰਦੇ ਹਨ।

ਜੰਡਿਆਲਾ ਗੁਰੂ ਕਣਕ ਘੋਟਾਲਾ, ਘਪਲੇ ਦੇ ਮੁੱਖ ਦੋਸ਼ੀ ਜਸਦੇਵ ਸਿੰਘ ਦੇ ਖਿਲਾਫ ਐੱਲ ਓ ਸੀ ਜਾਰੀ

*** ਅਗਲੇ ਹਫਤੇ ਰੈੱਡ ਕਾਰਨਰ ਨੋਟਿਸ ਜਾਰੀ ਹੋਵੇਗਾ**

ਅੰਮ੍ਰਿਤਸਰ, 24 ਅਗਸਤ, (ਪੋਸਟ ਬਿਊਰੋ)- ਜੰਡਿਆਲਾ ਗੁਰੂ ਵਿੱਚ 20 ਕਰੋੜ ਰੁਪਏ ਦੇ ਕਣਕ ਘੁਟਾਲੇ ਦੇ ਲਈਮੁੱਖ ਦੋਸ਼ੀ ਮੰਨੇ ਜਾਂਦੇ ਇੰਸਪੈਕਟਰ ਜਸਦੇਵ ਸਿੰਘ ਦਾ ਲੁਕ ਆਊਟ ਕਾਰਨਰ (ਐੱਲ ਓ ਸੀ) ਜਾਰੀ ਹੋ ਗਿਆ ਹੈ, ਜਿਸ ਪਿੱਛੋਂ ਪੁਲਿਸ ਉਸ ਦਾ ਰੈੱਡ ਕਾਰਨਰ ਨੋਟਿਸ ਜਾਰੀ ਕਰਨ ਵਾਲੀ ਹੈ। ਇਸ ਬਾਰੇ ਅਦਾਲਤ ਤੋਂ ਵਾਰੰਟ ਮਿਲ ਗਏ ਹਨ ਤੇ ਇਕ ਹਫਤੇ ਬਾਅਦ ਰੈੱਡ ਕਾਰਨਰ ਨੋਟਿਸ ਜਾਰੀ ਕਰ ਦਿੱਤਾ ਜਾਵੇਗਾ। ਪੁਲਿਸ ਉਸ ਦੀ ਟਰੈਵਲ ਹਿਸਟਰੀ ਵੀ ਫੋਲ ਰਹੀ ਹੈਤੇ ਪਾਸਪੋਰਟ ਦਫਤਰ ਤੋਂ ਉਸ ਦੀ ਟਰੈਵਲ ਹਿਸਟਰੀ ਦੇਖੀ ਜਾਵੇਗੀ ਕਿ ਉਹ ਇਸ ਵੇਲੇ ਕਿਸ ਦੇਸ਼ ਵਿਚ ਹੈ ਅਤੇ ਉਹ ਕਿੱਥੇ-ਕਿੱਥੇ ਗਿਆ ਸੀ ਅਤੇ ਕਿੱਥੋਂ ਹੋ ਕੇ ਆਇਆ ਸੀ।

ਮਿਲੀ ਜਾਣਕਾਰੀ ਅਨੁਸਾਰ ਅਜੇ ਤਕ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁੱਖ ਦੋਸ਼ੀ ਦੀ ਪਤਨੀ ਦੀ ਅੰਤਿਮ ਲੋਕੇਸ਼ਨ ਤੁਰਕੀ ਦੀ ਅਤੇ ਉਸ ਦੀ ਆਪਣੀ ਲੋਕੇਸ਼ਨ ਦੁਬਈ ਦੀ ਸੀ। ਪੁਲਿਸ ਮੁਤਾਬਕ ਮੁੱਖ ਦੋਸ਼ੀ ਇੰਸਪੈਕਟਰ ਆਪਣੀ ਪਤਨੀ ਨਾਲ ਵਿਦੇਸ਼ ਭੱਜ ਚੁੱਕਾ ਹੈ। ਪੁਲਿਸ ਛੱਤੀ ਖੂਹੀ ਵਾਲੇ ਉਸ ਦੇ ਘਰਕਈ ਵਾਰ ਛਾਪੇਮਾਰ ਚੁੱਕੀ ਹੈ ਅਤੇਉਸ ਦੀ ਗ੍ਰੀਨ ਐਵੇਨਿਊ ਵਾਲੀ ਕੋਠੀ ਨੂੰ ਤਾਲੇ ਲੱਗੇ ਹੋਏ ਹਨ।ਪਤਾ ਲੱਗਾ ਹੈ ਕਿ ਉਹ ਆਪਣੀ ਕੋਠੀ ਵੇਚ ਕੇ ਗਿਆ ਹੈ।

ਵਰਨਣ ਯੋਗ ਹੈ ਕਿ ਦੋਸ਼ੀ ਇੰਸਪੈਕਟਰ ਜਸਦੇਵ ਸਿੰਘ ਨੇ 20 ਕਰੋੜ ਰੁਪਏ ਦੀ ਸਰਕਾਰੀ ਕਣਕ ਬਲੈਕ ਵਿੱਚ ਵੇਚ ਦਿੱਤੀ ਤੇ ਬਾਅਦ ਵਿਚ ਇਸ ਦੀ ਸ਼ਿਕਾਇਤ ਅਧਿਕਾਰੀਆਂ ਕੋਲ ਪਹੁੰਚੀ ਤਾਂ ਕੇਂਦਰੀ ਵਿਜੀਲੈਂਸ ਟੀਮ ਨੇ ਜੰਡਿਆਲਾ ਗੁਰੂ ਦੇ ਅੱਠ ਗੁਦਾਮਾਂ ਦੀ ਚੈਕਿੰਗ ਕੀਤੀ, ਜਿੱਥੇ ਇੱਕ ਲੱਖ 93 ਹਜ਼ਾਰ 343 ਸਰਕਾਰੀ ਕਣਕ ਦੀਆਂ ਬੋਰੀਆਂ ਗਾਇਬ ਸਨ। ਇਸ ਪਿੱਛੋਂ ਪੁਲਿਸ ਨੂੰ ਸ਼ਿਕਾਇਤ ਉੱਤੇ 6 ਅਗਸਤ ਨੂੰ ਥਾਣਾ ਜੰਡਿਆਲਾ ਗੁਰੂਵਿੱਚ ਇੰਸਪੈਕਟਰ ਜਸਦੇਵ ਸਿੰਘ ਦੇ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕੀਤਾ ਗਿਆ।ਮੁੱਖ ਦੋਸ਼ੀ ਜਸਦੇਵ ਸਿੰਘ ਪੰਜਾਬ ਕਾਂਗਰਸ ਦੇ ਇੱਕ ਵਿਧਾਇਕ ਦਾ ਨਜ਼ਦੀਕੀ ਰਿਸ਼ਤੇਦਾਰ ਦੱਸਿਆ ਜਾਂਦਾ ਹੈ, ਪਰ ਵਿਧਾਇਕ ਨੇ ਇਸ ਤੋਂ ਇਨਕਾਰ ਕੀਤਾ ਹੈ।

ਕੋਵਿਡ ਮਹਾਮਾਰੀ ਦੌਰਾਨ ਦੁਨੀਆ ਵਿੱਚ 1734 ਪੱਤਰਕਾਰਾਂ ਦੀ ਮੌਤ

ਬਰਨਾਲਾ, 24 ਅਗਸਤ (ਪੋਸਟ ਬਿਊਰੋ)- ਕੋਵਿਡ ਮਹਾਮਾਰੀ ਦੌਰਾਨ ਦੁਨੀਆ ਵਿੱਚ 1734 ਪੱਤਰਕਾਰਾਂ ਨੇ ਆਪਣੀਆਂ ਜਾਨਾਂ ਗੁਆਈਆਂ ਹਨ। ਪੂਰੀ ਦੁਨੀਆ ਵਿੱਚੋਂ ਬਰਾਜ਼ੀਲ ਪਹਿਲਾ ਦੇਸ਼ ਹੈ, ਜਿੱਥੇ 278 ਪੱਤਰਕਾਰ ਕੋਰੋਨਾ ਦੀ ਲਪੇਟ ਵਿੱਚ ਆਏ ਅਤੇ ਜਾਨ ਗਵਾ ਬੈਠੇ। ਦੂਸਰਾ ਦੇਸ਼ ਭਾਰਤ ਹੈ, ਜਿੱਥੇ 270 ਪੱਤਰਕਾਰ ਮਾਰੇ ਗਏ ਗਏ।"

ਇਹ ਵੇਰਵਾ 'ਬਾਬੂਸ਼ਾਹੀ' ਦੇ ਸੰਪਾਦਕ ਬਲਜੀਤ ਸਿੰਘ ਬੱਲੀ ਨੇ ਬਰਨਾਲਾ ਪ੍ਰੈਸ ਕਲੱਬ ਦੇ ਸਾਲਾਨਾ ਸਮਾਗਮ ਵਿੱਚ ਦੱਸਿਆ।ਉਨ੍ਹਾਂ ਦੱਸਿਆ ਕਿ ਕੋਵਿਡ ਕਾਲ ਵਿੱਚ ਪੱਤਰਕਾਰਾਂ ਨੇ ਹਰ ਖਤਰਾ ਝੱਲ ਕੇ ਨਿਰਸਵਾਰਥ ਹੋ ਕੇ ਆਪਣਾ ਕੰਮ ਪੂਰੇ ਜਜ਼ਬੇ ਨਾਲ ਕੀਤਾ ਹੈ। ਜਿੱਥੇ ਇਸ ਬਿਮਾਰੀ ਤੋਂ ਮੁਕਤ ਹੋਣ ਲਈ ਕਈ ਦੇਸ਼ਾਂ ਵਿੱਚ ਲਾਕਡਾਊਨ ਲੱਗਾ ਤੇ ਲੋਕਾਂ ਨੂੰ ਆਰਥਿਕ ਸੰਕਟ ਝੱਲਣਾ ਪਿਆ, ਉਥੇ ਫੀਲਡ ਦੇ ਪੱਤਰਕਾਰਾਂ ਨੇ ਇਹ ਔਖਾ ਸਮਾਂ ਆਪਣੇ ਤਨ ਉੱਤੇ ਹੰਢਾਇਆ ਹੈ। ਉਨ੍ਹਾਂ ਕਿਹਾ ਕਿ ਪੱਤਰਕਾਰਾਂ ਨੂੰ ਭਾਵੇਂ ਸਹੂਲਤਾਂ ਘੱਟ ਮਿਲਦੀਆਂ ਹਨ, ਪਰ ਉਹ ਫਿਰ ਵੀ ਸਮਾਜ ਲਈ ਹਮੇਸ਼ਾ ਤੱਤਪਰ ਅਤੇ ਫਿਕਰਮੰਦ ਰਹਿੰਦੇ ਹਨ। ਉਨ੍ਹਾਂ ਸਰਕਾਰਾਂ ਪ੍ਰਤੀ ਰੋਸ ਕਰਦਿਆਂ ਕਿਹਾ ਕਿ ਪੱਤਰਕਾਰਾਂ ਲਈ ਕੋਈ ਵੱਡਾ ਯਤਨ ਨਹੀਂ ਕੀਤਾ ਗਿਆ ਅਤੇ 10 ਲੱਖ ਦੇ ਮੁਆਵਜ਼ੇ ਦਾ ਐਲਾਨ ਵੀ ਨਾਮਾਤਰ ਪੀੜਤ ਪਰਵਾਰਾਂ ਨੂੰ ਮਿਲਿਆ ਹੈ। ਕਈਆਂ ਦੀਆਂ ਫਾਈਲਾਂ ਤਾਂ ਮੁਆਵਜ਼ਾ ਲੈਣ ਲਈ ਫਿਲਹਾਲ ਸਰਕਾਰੀ ਦਫਤਰਾਂ ਦੀ ਧੂੜ ਫੱਕ ਰਹੀਆਂ ਹਨ।

ਚੂੜੀਆਂ ਵੇਚਣ ਵਾਲੇ ਦੀ ਭੀੜ ਵੱਲੋਂ ਬੁਰੀ ਤਰ੍ਹਾਂ ਕੁੱਟਮਾਰ

ਇੰਦੌਰ, 24 ਅਗਸਤ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਸ਼ਹਿਰ ਇੰਦੌਰ ਵਿੱਚ ਚੂੜੀਆਂ ਵੇਚਣ ਵਾਲੇ ਨੌਜਵਾਨ ਦੀ ਭੀੜ ਵੱਲੋਂ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਭੋਪਾਲ ਵਿੱਚ ਕੱਲ੍ਹ ਜਦੋਂ ਇਸ ਘਟਨਾ ਬਾਰੇ ਪੱਤਰਕਾਰਾਂ ਨੇ ਸੂਬੇ ਦੇ ਗ੍ਰਹਿ ਮੰਤਰੀ ਨਰੋਤਮ ਮਿਸਰਾ ਤੋਂ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਚੂੜੀਆਂ ਵੇਚਣ ਵਾਲਾ ਆਪਣੀ ਪਛਾਣ ਲੁਕਾ ਕੇ ਹਿੰਦੂ ਬਣ ਕੇ ਵਿਚਰ ਰਿਹਾ ਸੀ। ਇੰਦੌਰ ਦੇ ਗੋਵਿੰਦ ਨਗਰ ਇਲਾਕੇ ਵਿੱਚ ਐਤਵਾਰ ਵਾਪਰੀ ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਣ ਪਿੱਛੋਂ ਪੁਲਸ ਨੇ ਹਮਲਾ ਕਰਨ ਦੇ ਦੋਸ਼ ਹੇਠ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ।

ਓਧਰ ਚੂੜੀਆਂ ਵੇਚਣ ਵਾਲੇ ਦੇ ਖਿਲਾਫ ਪੋਕਸੋ ਐਕਟ ਦਾ ਕੇਸ ਦਰਜ ਕੀਤਾ ਗਿਆ ਹੈ। ਵੀਡੀਓ ਵਿੱਚ ਕੁਝ ਲੋਕ ਚੂੜੀਆਂ ਵੇਚਣ ਵਾਲੇ ਨਾਲ ਖਿੱਚ-ਧੂਹ ਕਰ ਰਹੇ ਹਨ। ਪੀੜਤ ਦੀ ਪਛਾਣ ਤਸਲੀਮ ਅਲੀ ਵਜੋਂ ਹੋਈ ਹੈ। ਦੂਜੀ ਵੀਡੀਓ ਵਿੱਚ ਇੱਕ ਵਿਅਕਤੀ ਚੂੜੀਆਂ ਵੇਚਣ ਵਾਲੇ ਨੌਜਵਾਨ ਦੀ ਕੁੱਟਮਾਰ ਕਰਦਾ ਤੇ ਉਸ ਨੂੰ ਗਾਲ੍ਹਾਂ ਕੱਢਦਾ ਦਿਖਾਈ ਦੇ ਰਿਹਾ ਹੈ। ਉਹ ਵਿਅਕਤੀ ਦੂਜਿਆਂ ਨੂੰ ਉਸ ਨੂੰ ਕੁੱਟਣ ਲਈ ਭੜਕਾ ਰਿਹਾ ਹੈ ਤੇ ਉਸ ਨੂੰ ਇਸ ਇਲਾਕੇ ਵਿੱਚ ਮੁੜ ਦਿਖਾਈ ਨਾ ਦੇਣ ਲਈ ਧਮਕਾ ਰਿਹਾ ਹੈ।

ਅਫ਼ਗਾਨਿਸਤਾਨ ਸਰਕਾਰ ਚਲਾਉਣ ਦੇ ਲਈ ਤਾਲਿਬਾਨ ਨੇ 12 ਮੈਂਬਰੀ ਕੌਂਸਲ ਦੀ ਸਹਿਮਤੀ ਦਿੱਤੀ

*** ਨਵੀਂ ਕੌਂਸਲ ਵਿੱਚ ਅਮਰੀਕਾ ਪੱਖੀ ਕਰਜ਼ਈ ਤੇ ਅਬਦੁੱਲਾ ਵੀ ਸ਼ਾਮਲ**

ਕਾਬੁਲ, 24 ਅਗਸਤ, (ਪੋਸਟ ਬਿਊਰੋ)- ਅਫ਼ਗਾਨਿਸਤਾਨ ਉੱਤੇ ਕਬਜ਼ੇ ਪਿੱਛੋਂ ਤਾਲਿਬਾਨ ਨੇ ਆਪਣੇ ਸ਼ਾਸਨ ਲਈ ਇਕ ਕੌਂਸਲ ਬਣਾਉਣ ਦੀ ਗੱਲ ਮੰਨੀ ਹੈ, ਜਿਸ ਦੇ 12 ਮੈਂਬਰਾਂ ਵਿੱਚ ਇਸ ਦੇਸ਼ ਦੇ ਸਾਬਕਾ ਰਾਸ਼ਟਰਪਤੀ ਹਾਮਿਦ ਕਰਜ਼ਈ, ਕੌਮੀ ਸੁਲਾਹ ਕੌਂਸਲ ਦੇ ਮੁਖੀ ਅਬਦੁੱਲਾ-ਅਬਦੁੱਲਾ ਤੇ ਤਾਲਿਬਾਨ ਦੇ ਮੋਢੀਆਂ ਵਿੱਚੋਂ ਇੱਕ ਅਬਦੁੱਲ ਬਿਰਾਦਰ ਨੂੰ ਸ਼ਾਮਲ ਕੀਤਾ ਗਿਆ ਹੈ। ਜੰਗ ਪ੍ਰਭਾਵਿਤ ਇਸ ਦੇਸ਼ ਉੱਤੇ ਸ਼ਾਸਨ ਲਈ ਬਣਾਈ ਇਸ ਕੌਂਸਲ ਵਿਚ ਅੱਤਵਾਦੀ ਜਮਾਤ ਹੱਕਾਨੀ ਨੈੱਟਵਰਕ ਦੇ ਮੁਖੀ ਦੇ ਨਾਲ ਤਾਲਿਬਾਨ ਦੇ ਕੁਝ ਵੱਡੇ ਆਗੂਆਂ ਨੂੰ ਸ਼ਾਮਲ ਕੀਤਾ ਗਿਆ ਹੈ।

ਖ਼ਬਰ ਏਜੰਸੀ ਸਪੂਤਨਿਕ ਨੇ ਤਾਲਿਬਾਨ ਦੇ ਇਕ ਕਰੀਬੀ ਸੂਤਰ ਦੇ ਹਵਾਲੇ ਨਾਲ ਦੱਸਿਆ ਕਿ ਅਫ਼ਗਾਨਿਸਤਾਨਵਿੱਚ ਅਮੀਰਾਤ ਦੀ ਥਾਂ 12 ਮੈਂਬਰੀ ਕੌਂਸਲ ਹੋਵੇਗੀ। ਜਿਨ੍ਹਾਂ ਨਾਵਾਂ ਉੱਤੇ ਸਹਿਮਤੀ ਬਣੀ ਹੈ, ਉਨ੍ਹਾਂ ਵਿਚ ਅਬਦੁੱਲਾ ਗਨੀ ਬਿਰਾਦਰ, ਤਾਲਿਬਾਨ ਦੇ ਮੋਢੀ ਮੁੱਲਾਂ ਉਮਰ ਦਾ ਪੁੱਤਰ ਮੁੱਲਾ ਯਾਕੂਬ, ਹੱਕਾਨੀ ਨੈੱਟਵਰਕ ਦਾ ਵੱਡਾ ਆਗੂ ਖ਼ਲੀਲ-ਉਰ-ਰਹਿਮਾਨ, ਸਾਬਕਾ ਵਿਦੇਸ਼ ਮੰਤਰੀ ਅਬਦੁੱਲਾ ਅਬਦੁੱਲਾ, ਸਾਬਕਾ ਰਾਸ਼ਟਰਪਤੀ ਹਾਮਿਦ ਕਰਜ਼ਈ, ਸਾਬਕਾ ਗ੍ਰਹਿ ਮੰਤਰੀ ਹਨੀਫ਼ ਅਤਮਾਰ ਅਤੇ ਇਸਲਾਮ ਪਾਰਟੀ ਦਾ ਆਗੂ ਗੁਲ਼ਬਦੀਨ ਹਿਕਮਤਯਾਰ ਸ਼ਾਮਲ ਹਨ। ਇਸ ਕੌਂਸਲ ਦੇ ਬਾਕੀ ਪੰਜ ਮੈਂਬਰਾਂ ਦੀ ਨਿਯੁਕਤੀ ਬਾਰੇ ਵਿਚਾਰਹੋ ਰਹੀ ਹੈ। ਤਾਲਿਬਾਨ ਨੇ ਇਸ ਕੌਂਸਲ ਬਾਰੇ ਅਜੇ ਅਧਿਕਾਰਤ ਤੌਰ ਉੱਤੇ ਬਿਆਨ ਜਾਰੀ ਨਹੀਂ ਕੀਤਾ, ਪਰ ਲਗਭਗ ਸਹਿਮਤੀ ਹੋ ਚੁੱਕੀ ਹੈ।

ਇਸ ਦੌਰਾਨ ਇੱਕ ਹੋਰ ਖ਼ਬਰ ਏਜੰਸੀ ਰਾਇਟਰ ਦੇ ਦੱਸਣ ਅਨੁਸਾਰ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਖ਼ੁਫ਼ੀਆ ਏਜੰਸੀ ਸੀਆਈਏ ਦੇ ਡਾਇਰੈਕਟਰ ਵਿਲੀਅਮ ਬਰਨਜ਼ ਨੂੰ ਤਾਲਿਬਾਨ ਆਗੂ ਨੂੰ ਮਿਲਣ ਕਾਬੁਲ ਭੇਜਿਆ ਅਤੇ ਉਨ੍ਹਾਂ ਨੇ ਬੀਤੇ ਸੋਮਵਾਰ ਤਾਲਿਬਾਨ ਆਗੂ ਅਬਦੁੱਲ ਗਨੀ ਬਿਰਾਦਰ ਨਾਲ ਗੁਪਤ ਮੀਟਿੰਗ ਕੀਤੀ ਸੀ। ਕਾਬੁਲ ਵਿਚ ਹੋਈ ਇਸ ਬੈਠਕ ਬਾਰੇ ਵਾਸ਼ਿੰਗਟਨ ਪੋਸਟ ਨੇ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਨਾਲ ਖ਼ਬਰ ਦਿੱਤੀ। ਅਫ਼ਗਾਨਿਸਤਾਨ ਉੱਤੇ ਤਾਲਿਬਾਨ ਦੇ ਕਬਜ਼ੇ ਪਿੱਛੋਂ ਕਿਸੇ ਵੱਡੇ ਅਮਰੀਕੀ ਅਧਿਕਾਰੀ ਦਾ ਇਹ ਪਹਿਲਾ ਦੌਰਾ ਉਸ ਵੇਲੇ ਹੋਇਆ, ਜਦੋਂ ਬਾਇਡਨ ਨੇ ਪਿਛਲੇ ਐਤਵਾਰ ਇਹ ਕਿਹਾ ਸੀ ਕਿਉਹ ਕਾਬੁਲ ਹਵਾਈ ਅੱਡੇ ਤੋਂ ਲੋਕਾਂ ਨੂੰ ਕੱਢਣ ਦੀ ਮੁਹਿੰਮ ਦਾ ਸਮਾਂ ਵਧਾਉਣ ਦੀ ਵਿਚਾਰ ਕਰ ਰਹੇ ਹਨ।ਪਹਿਲਾਂ ਇਹ ਸਮਾਂ ਹੱਦ 31 ਅਗਸਤ ਤਕ ਸੀ, ਪਰ ਬਾਇਡਨ ਨੂੰ ਬ੍ਰਿਟੇਨ ਸਮੇਤ ਕਈ ਦੇਸ਼ਾਂ ਨੇ ਇਸ ਤਰ੍ਹਾਂ ਦੀ ਸਮਾਂ ਹੱਦ ਵਧਾਉਣ ਦੀ ਅਪੀਲ ਕੀਤੀ ਹੋਈ ਹੈ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ਮਾਰੂਤੀ ਸੁਜ਼ੂਕੀ ਨੂੰ 200 ਕਰੋੜ ਰੁਪਏ ਦਾ ਜੁਰਮਾਨਾ

ਨਵੀਂ ਦਿੱਲੀ, 24 ਅਗਸਤ (ਪੋਸਟ ਬਿਊਰੋ)- ਕੰਪੀਟੀਸ਼ਨ ਕਮਿਸ਼ਨ ਆਫ ਇੰਡੀਆ ਨੇ ਮਾਰੂਤੀ ਸੁਜ਼ੂਕੀ ਇੰਡੀਆ ਲਿਮਟਿਡ ਉੱਤੇ 200 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਹੈ। ਕਮਿਸ਼ਨ ਦਾ ਦੋਸ਼ ਹੈ ਕਿ ਇਸ ਕੰਪਨੀ ਨੇ ਡੀਲਰਾਂ ਉੱਤੇ ਦਬਾਅ ਬਣਾ ਕੇ ਕਾਰਾਂ ਉੱਤੇ ਡਿਸਕਾਊਂਟ ਨੂੰ ਕੰਟਰੋਲ ਕੀਤਾ। ਇਸ ਨਾਲ ਗਾਹਕਾਂ ਨੂੰ ਨੁਕਸਾਨ ਹੋਇਆ। ਜੇ ਡੀਲਰ ਬਿਨਾਂ ਕਿਸੇ ਦੇ ਦਬਾਅ ਦੇ ਆਪਣੇ ਹਿਸਾਬ ਨਾਲ ਭਾਅ ਅਤੇ ਛੋਟ ਤੈਅ ਕਰਦੇ ਤਾਂ ਕਾਰਾਂ ਦੀਆਂ ਕੀਮਤਾਂ ਘੱਟ ਹੋ ਸਕਦੀਆਂ ਸਨ। ਮਾਰੂਤੀ ਦਾ ਕਹਿਣਾ ਹੈ ਕਿ ਉਹ ਨਿਯਮਾਂ ਅਨੁਸਾਰ ਅਗਲਾ ਕਦਮ ਉਠਾਏਗੀ। ਕੰਪਨੀ ਨੇ ਕਿਹਾ ਕਿ ਉਸ ਨੇ ਖਪਤਕਾਰਾਂ ਦੇ ਹਿੱਤ ਵਿੱਚ ਹਮੇਸ਼ਾ ਕਦਮ ਉਠਾਇਆ ਹੈ।

ਨਵੰਬਰ 2017 ਵਿੱਚ ਇੱਕ ਅਣਜਾਣ ਈ-ਮੇਲ ਮਿਲਣ ਦੇ ਬਾਅਦ ਕਮਿਸ਼ਨ ਨੇ ਇਸ ਦਾ ਖੁਦ ਨੋਟਿਸ ਲਿਆ ਸੀ। ਮੰਨਿਆ ਜਾਂਦਾ ਹੈ ਕਿ ਇਹ ਮੇਲ ਇੱਕ ਕਾਰ ਡੀਲਰ ਨੇ ਭੇਜੀ ਅਤੇ ਉਸ ਨੇ ਦੋਸ਼ ਲਗਾਇਆ ਸੀ ਕਿ ਕੰਪਨੀ ਦੀ ਸੇਲ ਪਾਲਿਸੀ ਗਾਹਕਾਂ ਦੇ ਹਿੱਤਾਂ ਦੇ ਉਲਟ ਹੈ। ਜੁਲਾਈ 2019 ਵਿੱਚ ਸਬੂਤ ਮਿਲਣ ਦੇ ਬਾਅਦ ਇਸ ਦੀ ਡੂੰਘਾਈ ਨਾਲ ਜਾਂਚ ਦਾ ਹੁਕਮ ਦਿੱਤਾ ਗਿਆ। ਕਮਿਸ਼ਨ ਨੇ ਕਿਹਾ ਕਿ ਜੇ ਕਿਸੇ ਡੀਲਰ ਨੇ ਗਾਹਕਾਂ ਨੂੰ ਵੱਧ ਛੋਟ ਦੇਣੀ ਹੁੰਦੀ ਸੀ ਤਾਂ ਉਸ ਨੂੰ ਇਸ ਦੇ ਲਈ ਕੰਪਨੀ ਤੋਂ ਮਨਜ਼ੂਰੀ ਲੈਣੀ ਹੁੰਦੀ ਸੀ। ਜੇ ਕੋਈ ਡੀਲਰ ਆਪਣੇ ਹਿਸਾਬ ਨਾਲ ਛੋਟ ਦਿੰਦਾ ਤਾਂ ਉਸ ਉੱਤੇ ਜੁਰਮਾਨਾ ਲਗਾਇਆ ਜਾਂਦਾ ਅਤੇ ਇਸ ਦੇ ਲਈ ਡਿਸਕਾਊਂਟ ਕੰਟਰੋਲ ਪਾਲਿਸੀ ਦਾ ਹਵਾਲਾ ਦਿੱਤਾ ਜਾਂਦਾ ਸੀ। ਡੀਲਰ ਦੇ ਖਿਲਾਫ ਹੀ ਨਹੀਂ ਬਲਕਿ ਡੀਲਰਸ਼ਿਪ ਦੇ ਏਜੰਟਾਂ, ਡਾਇਰੈਕਟ ਸੇਲਜ਼ ਐਗਜ਼ੀਕਿਊਟਿਵ, ਰੀਜ਼ਨਲ ਮੈਨੇਜਰ, ਸ਼ੋਅਰੂਮ ਮੈਨੇਜਰ, ਟੀਮ ਲੀਡਰ ਉੱਤੇ ਜੁਰਮਾਨਾ ਠੋਕਿਆ ਜਾਂਦਾ ਸੀ।

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ

4165618882, 4164544587

ਸਿੱਖਿਆ ਸਿਰਫ ਟੈਕਨਾਲੌਜੀ ਦੇ ਜ਼ੋਰ ’ਤੇ ਨਹੀਂ ਸੁਧਰੇਗੀ

-ਵਿਜੈ ਗਰਗ-

ਮਹਾਂਮਾਰੀ ਦੇ ਕਾਰਨ, ਭਾਰਤ ਵਿੱਚ ਲਗਭਗ ਸਾਰੇ ਵਿਦਿਅਕ ਅਦਾਰੇ ਪਿਛਲੇ ਸਾਲਾਂ ਤੋਂ ਬੰਦ ਹਨ. ਉਨ੍ਹਾਂ ਦੇ ਬੰਦ ਹੋਣ ਨਾਲ ਪ੍ਰਾਇਮਰੀ, ਸੈਕੰਡਰੀ, ਹਾਈ ਸੈਕੰਡਰੀ ਅਤੇ ਉੱਚ ਸਿੱਖਿਆ 'ਤੇ ਕੁਦਰਤੀ ਤੌਰ' ਤੇ ਬੁਰਾ ਪ੍ਰਭਾਵ ਪਿਆ ਹੈ. ਇਸ ਮੁਸੀਬਤ ਤੋਂ ਛੁਟਕਾਰਾ ਪਾਉਣ ਲਈ, ਵਿਦਿਅਕ ਸੰਸਥਾਵਾਂ ਨੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ. ਸਾਡੀਆਂ ਸਰਕਾਰਾਂ ਵੀ ਅਜਿਹੀ ਤਕਨੀਕ ਨੂੰ ਉਤਸ਼ਾਹਤ ਕਰ ਰਹੀਆਂ ਹਨ. ਜਿਹੜੀਆਂ ਤਕਨੀਕਾਂ ਅਪਣਾਈਆਂ ਜਾ ਰਹੀਆਂ ਹਨ ਉਹ ਰਵਾਇਤੀ ਮਾਧਿਅਮ ਦੀ ਸਹਿਯੋਗੀ ਹੋ ਸਕਦੀਆਂ ਹਨ, ਪਰ ਇਸਦਾ ਬਦਲ ਨਹੀਂ ਹੋ ਸਕਦੀਆਂ. ਇਸ ਸਮੇਂ, ਅਧਿਆਪਕਾਂ ਦੀ ਘਾਟ ਅਤੇ ਮਿਆਰੀ ਸਿੱਖਿਆ ਦੀ ਘਾਟ ਕਾਰਨ, ਭਾਰਤ ਸਿੱਖਿਆ ਦੇ ਮਾਮਲੇ ਵਿੱਚ ਦੁਨੀਆ ਦੇ ਬਹੁਤ ਸਾਰੇ ਕਮਜ਼ੋਰ ਦੇਸ਼ਾਂ ਤੋਂ ਪਿੱਛੇ ਹੈ. ਕੋਵਿਡ ਸਮੇਂ ਦੌਰਾਨ ਪ੍ਰਾਇਮਰੀ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਦੇ ਨਾਮ ਤੇ, ਨਵੀਂ ਤਕਨਾਲੋਜੀ ਨੂੰ ਸਰਕਾਰ ਅਤੇ ਪ੍ਰਾਈਵੇਟ ਸੈਕਟਰ ਦੋਵਾਂ ਦੁਆਰਾ ਉਤਸ਼ਾਹਤ ਕੀਤਾ ਗਿਆ ਸੀ. ਜੇ ਸਿੱਖਿਆ ਸਿਰਫ ਵਰਚੁਅਲ ਤਕਨਾਲੋਜੀ ਅਤੇ ਨਕਲੀ ਬੁੱਧੀ ਦੇ ਹਵਾਲੇ ਕੀਤੀ ਜਾਂਦੀ ਹੈ, ਤਾਂ ਸਾਨੂੰ ਇੱਕ ਵਿਨਾਸ਼ਕਾਰੀ ਸੰਕਟ ਵਿੱਚੋਂ ਲੰਘਣਾ ਪਏਗਾ.

ਵਿਦਿਅਕ ਖੇਤਰ ਵਿੱਚ, ਸਾਨੂੰ ਸਿਰਫ ਆਪਣੇ ਰਵਾਇਤੀ ਮਾਧਿਅਮਾਂ 'ਤੇ ਨਿਰਭਰ ਹੋਣਾ ਚਾਹੀਦਾ ਹੈ, ਨਾਲ ਹੀ, ਦੇਸ਼ ਦੇ ਵੱਖ -ਵੱਖ ਖੇਤਰਾਂ ਵਿੱਚ ਵਿਅਕਤੀਗਤ ਅਤੇ ਸੰਗਠਨ ਦੁਆਰਾ ਕੀਤੇ ਪ੍ਰਯੋਗਾਂ ਨੂੰ ਅਪਨਾਉਣ ਦੀ ਜ਼ਰੂਰਤ ਹੈ. ਪ੍ਰੋਫੈਸਰ ਅਨਿਲ ਸਦਗੋਪਾਲ ਨੇ ਮੱਧ ਪ੍ਰਦੇਸ਼ ਦੇ ਹੋਸ਼ੰਗਾਬਾਦ ਜ਼ਿਲ੍ਹੇ ਵਿੱਚ ਘੱਟ ਸਾਧਨਾਂ ਨਾਲ ਵਿਗਿਆਨ ਵਿੱਚ ਵਿਕਲਪਕ ਸਿੱਖਿਆ ਨੂੰ ਉਤਸ਼ਾਹਤ ਕਰਨ ਦੀ ਵਿਧੀ ਵਿਕਸਤ ਕੀਤੀ. ਅੱਜ ਵੀ, ਉਨ੍ਹਾਂ ਦੇ ਪ੍ਰਯੋਗਾਂ ਦੇ ਅਧਾਰ ਤੇ 'ਏਕਲਵਯ' ਨਾਂ ਦੀ ਸੰਸਥਾ ਪੇਂਡੂ ਖੇਤਰਾਂ ਵਿੱਚ ਵਿਗਿਆਨ ਸਿੱਖਿਆ ਦਾ ਮਿਆਰ ਬਣੀ ਹੋਈ ਹੈ. ਆਈਆਈਟੀ ਕਾਨਪੁਰ ਦੇ ਸਾਬਕਾ ਵਿਦਿਆਰਥੀ, ਗਾਂਧੀਵਾਦੀ ਵਿਗਿਆਨੀ ਅਰਵਿੰਦ ਗੁਪਤਾ ਨੇ ਵਿਗਿਆਨ ਸਿੱਖਣ ਦੀ ਪ੍ਰਕਿਰਿਆ ਨੂੰ ਅਨੰਦਮਈ ਬਣਾਉਣ ਲਈ ਨਿਰੰਤਰ ਕੰਮ ਕੀਤਾ ਹੈ। ਇਸਦੇ ਲਈ ਉਹ ਖਿਡੌਣਿਆਂ ਦੀ ਵਰਤੋਂ ਕਰਦਾ ਹੈ. ਪ੍ਰੋ: ਐਚਸੀ ਵਰਮਾ ਨੇ ਕਮਜ਼ੋਰ ਅਧਾਰਾਂ ਵਾਲੇ ਵਿਦਿਆਰਥੀਆਂ ਨੂੰ ਭੌਤਿਕ ਵਿਗਿਆਨ ਦੀ ਵਿਆਖਿਆ ਕਰਨ ਵਿੱਚ ਬੇਮਿਸਾਲ ਸਫਲਤਾ ਪ੍ਰਾਪਤ ਕੀਤੀ ਹੈ. ਪਵਨ ਕੁਮਾਰ ਗੁਪਤਾ ਨੇ 'ਸਿੱਧ' ਸੰਸਥਾ ਰਾਹੀਂ ਸਿੱਖਿਆ ਨਾਲ ਜੁੜੇ ਨਵੇਂ ਪ੍ਰਯੋਗ ਕੀਤੇ ਹਨ। ਰਵਿੰਦਰ ਸ਼ਰਮਾ ਨੇ ਆਂਧਰਾ ਪ੍ਰਦੇਸ਼ ਦੇ ਆਦਿਲਾਬਾਦ ਵਿੱਚ 'ਕਲਾ ਖੇਤਰ' ਨਾਂ ਦੀ ਸੰਸਥਾ ਦੁਆਰਾ ਬਹੁਤ ਸਾਰੇ ਵਿਹਾਰਕ ਪ੍ਰਯੋਗ ਕੀਤੇ ਹਨ। ਮਹਾਰਾਸ਼ਟਰ ਦੇ ਪ੍ਰਬਲ ਵਿੱਚ ਸਥਿਤ ਵਿਗਿਆਨ ਆਸ਼ਰਮ ਨੇ ਕਮਜ਼ੋਰ ਆਈਕਿਊ ਦੇ ਬੱਚਿਆਂ ਨੂੰ ਵਿਗਿਆਨ ਸਿਖਾਉਣ ਲਈ ਇੱਕ ਤਕਨੀਕ ਵਿਕਸਤ ਕੀਤੀ ਹੈ. ਗੁਜਰਾਤ ਦੇ ਗਿਜੂਭਾਈ ਬਧੇਕਾ ਨੇ ਬੱਚਿਆਂ ਨੂੰ ਅਨੰਦਮਈ ਸਿੱਖਿਆ ਪ੍ਰਦਾਨ ਕਰਨ ਲਈ ਬਹੁਤ ਸਾਰੇ ਪ੍ਰਯੋਗ ਕੀਤੇ. ਇੰਨਾ ਹੀ ਨਹੀਂ, ਸ਼ਿਆਮਜੀ ਗੁਪਤਾ ਦੁਆਰਾ ਏਕਲ ਸਿੱਖਿਆ ਅਭਿਆਨ ਦੀ ਵਰਤੋਂ ਦੂਰ -ਦੁਰਾਡੇ ਦੇ ਪੇਂਡੂ ਖੇਤਰਾਂ ਤੱਕ ਸਿੱਖਿਆ ਪਹੁੰਚਾਉਣ ਲਈ ਕੀਤੀ ਗਈ ਸੀ, ਜੋ ਅੱਜ ਸਫਲਤਾ ਦੇ ਸਿਖਰ 'ਤੇ ਹੈ। ਇਸ ਮੁਹਿੰਮ ਦੇ ਤਹਿਤ 1.25 ਲੱਖ ਤੋਂ ਜ਼ਿਆਦਾ ਸਿੰਗਲ ਟੀਚਰ ਸਕੂਲ ਖੋਲ੍ਹੇ ਗਏ ਹਨ। ਸਿੱਖਿਆ ਦੇ ਖੇਤਰ ਵਿੱਚ ਇਹ ਪ੍ਰਯੋਗ ਵੀ ਧਿਆਨ ਦੀ ਲੋੜ ਹੈ. ਪਿਛਲੇ ਸਾਲ ਤਾਲਾਬੰਦੀ ਦੌਰਾਨ ਸ਼ਹਿਰੀ ਆਬਾਦੀ ਦਾ ਇੱਕ ਵੱਡਾ ਹਿੱਸਾ ਵੱਡੀ ਗਿਣਤੀ ਵਿੱਚ ਆਪਣੇ ਜੱਦੀ ਪਿੰਡ ਪਰਤਿਆ ਸੀ। ਇਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਚੰਗੀ ਪੜ੍ਹਾਈ ਕਰਨ ਤੋਂ ਬਾਅਦ ਬਾਹਰ ਗਏ ਹੋਏ ਸਨ. ਜੇ ਸਰਕਾਰ ਚਾਹੇ ਤਾਂ ਆਪਣੇ ਨੈੱਟਵਰਕ ਰਾਹੀਂ ਇਨ੍ਹਾਂ ਸਿਖਲਾਈ ਪ੍ਰਾਪਤ ਅਤੇ ਪੇਸ਼ੇਵਰਾਂ ਦੀ ਵਰਤੋਂ ਪੇਂਡੂ ਖੇਤਰ ਵਿੱਚ ਬੁਨਿਆਦੀ ਵਿਦਿਅਕ ਬੁਨਿਆਦੀ ਢਾਂਚਾ ਬਣਾਉਣ ਲਈ ਕੀਤੀ ਜਾ ਸਕਦੀ ਹੈ.

ਆਧੁਨਿਕ ਭਾਰਤ ਵਿੱਚ ਤਿੰਨ ਵਿਸ਼ੇਸ਼ ਸਵਦੇਸ਼ੀ ਚਿੰਤਕ ਸਨ. ਪਹਿਲਾ ਸਵਦੇਸ਼ੀ ਵਿਚਾਰ ਮਹਾਤਮਾ ਗਾਂਧੀ ਦਾ, ਦੂਜਾ ਡਾ: ਰਾਮ ਮਨੋਹਰ ਲੋਹੀਆ ਦਾ ਅਤੇ ਤੀਜਾ ਪੰਡਤ ਦੀਨ ਦਿਆਲ ਉਪਾਧਿਆਏ ਦਾ ਹੈ। ਇਨ੍ਹਾਂ ਤਿੰਨਾਂ ਸਵਦੇਸ਼ੀ ਚਿੰਤਕਾਂ ਨੇ ਸਪੱਸ਼ਟ ਕਿਹਾ ਹੈ ਕਿ ਜਦੋਂ ਤੱਕ ਵਿਕਾਸ ਕਾਰਜਾਂ ਵਿੱਚ ਸਥਾਨਕ ਲੋਕਾਂ ਦੀ ਭਾਗੀਦਾਰੀ ਨੂੰ ਯਕੀਨੀ ਨਹੀਂ ਬਣਾਇਆ ਜਾਂਦਾ, ਵਿਕਾਸ ਯੋਜਨਾਵਾਂ ਦੀ ਸਫਲਤਾ ਸ਼ੱਕੀ ਰਹੇਗੀ। ਚਿੰਤਕ ਧੀਰੇਂਦਰ ਭਾਈ ਮਜੂਮਦਾਰ ਨੇ ਕਿਹਾ ਹੈ ਕਿ ਜੇ ਬੱਚੇ ਕਿਸੇ ਕਾਰਨ ਸਕੂਲ ਨਹੀਂ ਜਾ ਸਕਦੇ, ਤਾਂ ਸਕੂਲ ਨੂੰ ਉਨ੍ਹਾਂ ਦੇ ਘਰ ਲੈ ਜਾਣਾ ਚਾਹੀਦਾ ਹੈ ਅਤੇ ਅਜਿਹੀ ਸਿੱਖਿਆ ਨੀਤੀ ਬਣਾਈ ਜਾਣੀ ਚਾਹੀਦੀ ਹੈ. ਕੇਂਦਰ ਸਰਕਾਰ ਨੇ ਨਵੀਂ ਸਿੱਖਿਆ ਨੀਤੀ ਰਾਹੀਂ ਇਸ ਦਿਸ਼ਾ ਵਿੱਚ ਕੁਝ ਪਹਿਲਕਦਮੀ ਕੀਤੀ ਹੈ, ਪਰ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ। ਸਰਕਾਰ ਹੁਨਰ ਵਿਕਾਸ 'ਤੇ ਵੀ ਬਹੁਤ ਜ਼ੋਰ ਦੇ ਰਹੀ ਹੈ, ਪਰ ਇਸ ਦਿਸ਼ਾ ਵਿਚ ਕੁਝ ਕਮੀਆਂ ਨੂੰ ਉਜਾਗਰ ਕਰਨ ਅਤੇ ਉਨ੍ਹਾਂ ਦੇ ਹੱਲ ਲੱਭਣ ਦੀ ਜ਼ਰੂਰਤ ਹੈ. ਕਈ ਵਿਭਾਗਾਂ ਨੂੰ ਹੁਨਰ ਨਿਰਮਾਣ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ. ਰਾਜ ਵਿੱਚ ਲਗਭਗ 22 ਵਿਭਾਗ ਇਸ ਕੰਮ ਵਿੱਚ ਲੱਗੇ ਹੋਏ ਹਨ। ਜੇ ਇਸਦੇ ਲਈ ਕੋਈ ਵਿਭਾਗ ਹੁੰਦਾ, ਤਾਂ ਇਹ ਬਹੁਤ ਵਧੀਆ ਹੁੰਦਾ. ਸਾਰੇ ਪ੍ਰੋਗਰਾਮਾਂ ਨੂੰ ਇੱਕ ਛਤਰੀ ਹੇਠ ਕਰਨ ਦੀ ਯੋਜਨਾ ਬਣਾਈ ਗਈ ਸੀ. ਯਾਦ ਰੱਖੋ, ਜਦੋਂ ਤੱਕ ਇਲਾਕਾ ਹੁਨਰ ਨਿਰਮਾਣ ਨਾਲ ਜੁੜਿਆ ਨਹੀਂ ਜਾਂਦਾ, ਅਸੀਂ ਸਿੱਖਿਆ ਦੇ ਅਸਲ ਟੀਚੇ ਤੋਂ ਭਟਕਦੇ ਰਹਾਂਗੇ.

ਵਿਜੈ ਗਰਗ ਸਾਬਕਾ ਪੀਈਐਸ -1
ਰਿਟਾਇਰਡ ਪ੍ਰਿੰਸੀਪਲ
ਮਲੋਟ

ਟੋਕੀਓ ਓਲੰਪਿਕ 2020 ਵਿੱਚ ਭਾਰਤ ਦਾ ਪ੍ਰਦਰਸ਼ਨ

ਡਾ.ਕਰਨਜੀਤ ਸਿੰਘ ਬੇਦੀ

ਟੋਕੀਓ ਓਲੰਪਿਕ 2020 ਦਾ ਆਯੋਜਨ ਕੋਵਿਡ ਮਹਾਂਮਾਰੀ ਕਾਰਨ ਇਸ ਸਾਲ 23 ਜੁਲਾਈ ਤੋਂ 8 ਅਗਸਤ ਨੂੰ ਕਰਾਇਆ ਗਿਆ। ਇਸ ਦੇਰੀ ਕਾਰਨ ਕਈ ਉੱਚ ਦਰਜੇ ਦੇ ਭਾਰਤੀ ਖਿਡਾਰੀ ਸੁਸ਼ੀਲ ਕੁਮਾਰ, ਸਾਕਸ਼ੀ ਮਲਿਕ, ਸਾਇਨਾ ਨੇਹਵਾਲ, ਦੀਪਾ ਕਮਰਾਕਰ ਆਦਿ ਮੌਕਿਆਂ ਦੀ ਘਾਟ ਜਾਂ ਸੱਟਾਂ ਦੇ ਕਾਰਨ ਓਲੰਪਿਕ ਲਈ ਕੁਆਲੀਫਾਈ ਨਾ ਕਰ ਸਕੇ। ਭਾਰਤ ਨੇ ਹੁਣ ਤੱਕ ਦਾ ਸਭ ਤੋਂ ਵੱਡਾ 127 ਖਿਡਾਰੀਆਂ ਦਾ ਦਲ ਇਸ ਖੇਡ ਮਹਾਂਕੁੰਭ ਲਈ ਭੇਜਿਆ ਸੀ, ਜਿਸ ਵਿੱਚ 73 ਪੁਰਸ਼ ਅਤੇ 54 ਔਰਤਾਂ ਸ਼ਾਮਿਲ ਸਨ। ਭਾਰਤੀ ਖਿਡਾਰੀਆਂ ਵਲੋਂ 18 ਖੇਡਾਂ ਵਿੱਚ 85 ਤਗਮਿਆ ਲਈ ਚਣੌਤੀ ਪੇਸ਼ ਕੀਤੀ ਗਈ। ਖੇਡ ਅਧਿਕਾਰੀਆਂ ਦੇ ਮੁਤਾਬਿਕ ਭਾਰਤ ਇਹਨਾਂ ਖੇਡਾਂ ਵਿੱਚ 15 ਤੋਂ 18 ਤਗਮੇ ਜਿੱਤਣ ਦਾ ਦਾਅਵੇਦਾਰ ਸੀ ਕਿਓਕਿ ਭਾਰਤੀ ਦਲ ਵਿੱਚ 13 ਦੇ ਕਰੀਬ ਅਜਿਹੇ ਖਿਡਾਰੀ ਸਨ ਜੋ ਵਿਸ਼ਵ ਦਰਜਾਬੰਦੀ ਵਿੱਚ ਪਹਿਲੇ ਤਿੰਨ ਸਥਾਨਾਂ ਤੇ ਕਾਬਜ਼ ਸਨ।

ਵੇਟ ਲਿਫਟਿੰਗ : ਖੇਡਾਂ ਦੀ ਸ਼ੁਰੂਆਤ ਵਿੱਚ ਹੀ ਭਾਰਤੀ ਅਧਿਕਾਰੀਆਂ ਦੀਆਂ ਆਸਾਂ ਨੂੰ ਉਸ ਵੇਲੇ ਬੂਰ ਪੈਂਦਾ ਨਜ਼ਰ ਆਇਆ ਜਦੋਂ ਤਗਮੇ ਦੀ ਦਾਅਵੇਦਾਰ ਭਾਰਤ ਦੀ ਇਕੋ ਇੱਕ ਵੇਟ ਲਿਫਟਰ ਮੀਰਾਬਾਈ ਚਾਨੂੰ ਨੇ ਮਹਿਲਾ 49 ਕਿਲੋ ਵਰਗ ਵਿਚ 202 ਕਿਲੋ ਭਾਰ ਚੁੱਕ ਕੇ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ।

ਨਿਸ਼ਾਨੇਬਾਜ਼ੀ : ਵਿਸ਼ਵ ਦੇ 8 ਉੱਤਮ ਨਿਸ਼ਾਨਚੀਆਂ ਨਾਲ ਸਜੇ 15 ਮੈਂਬਰੀ ਨਿਸ਼ਾਨੇਬਾਜ਼ੀ ਦਲ ਤੋਂ ਭਾਰਤ ਨੂੰ ਸਭ ਤੋਂ ਜ਼ਿਆਦਾ ਉਮੀਦਾਂ ਸਨ। ਇਸਦੀ ਸ਼ੁਰੂਆਤ ਵੀ ਵਧੀਆ ਰਹੀ ਜਦੋਂ ਸੌਰਭ ਚੌਧਰੀ ਨੇ ਪੁਰਸ਼ਾ ਦੇ 10 ਮੀਟਰ ਏਅਰ ਪਿਸਟਲ ਵਿੱਚ ਸਿਖਰ ’ਤੇ ਰਹਿੰਦਿਆਂ ਫਾਈਨਲ ਵਿੱਚ ਪ੍ਰਵੇਸ਼ ਕੀਤਾ ਪਰ ਫਾਈਨਲ ਵਿੱਚ ਉਹ ਕੇਵਲ ਸੱਤਵਾਂ ਸਥਾਨ ਹੀ ਪ੍ਰਾਪਤ ਕਰ ਸਕਿਆ। ਟੋਕੀਓ ਵਿੱਚ ਭਾਰਤੀ ਨਿਸ਼ਾਨੇਬਾਜ਼ਾਂ ਵਿੱਚੋਂ ਸੌਰਭ ਦਾ ਪ੍ਰਦਰਸ਼ਨ ਹੀ ਸਭ ਤੋਂ ਚੰਗਾ ਸੀ ਕਿਉਂਕਿ ਕੋਈ ਹੋਰ ਨਿਸ਼ਾਨੇਬਾਜ਼ ਫਾਈਨਲ ਵਿੱਚ ਵੀ ਨਹੀਂ ਪਹੁੰਚ ਸਕਿਆ। ਅਭੀਸ਼ੇਕ ਵਰਮਾ, ਦਿਵਯਾਸ਼ ਪੰਵਰ, ਮਨੂੰ ਭਾਕਰ, ਯਸ਼ਵਨੀ ਦੇਸਵਾਲ, ਅਲਵੇਨਿਲ ਵਾਲਾਰੀਵਨ ਅਤੇ ਰਾਹੀ ਸਰਨੋਬਤ ਵਰਗੇ ਵਿਸ਼ਵ ਦੇ ਅੱਵਲ ਨਿਸ਼ਾਨਚੀ ਆਪਣੇ ਵਰਗ ਦੇ ਏਕਲ ਮੁਕਾਬਲਿਆਂ ਵਿੱਚ ਕ੍ਰਮਵਾਰ 17, 32, 12, 13, 16 ਅਤੇ 32ਵੇ ਸਥਾਨ ’ਤੇ ਰਹੇ। ਭਾਵੇਂ ਮਨੂੰ ਭਾਕਰ ਦੀ ਪਿਸਤੌਲ ਵਿੱਚ ਖਰਾਬੀ ਚਰਚਾ ਦਾ ਵਿਸ਼ਾ ਰਹੀ ਪਰ ਹਾਰ ਦਾ ਕੋਈ ਬਹਾਨਾ ਨਹੀ ਬਣਾਇਆ ਜਾ ਸਕਦਾ ਕਿਉਂਕਿ ਖਿਡਾਰੀਆਂ ਨੂੰ ਆਪਣੇ ਏਕਲ ਮੁਕਾਬਲਿਆਂ ਤੋਂ ਇਲਾਵਾ ਟੀਮ ਮੁਕਾਬਲਿਆਂ ਵਿੱਚ ਵੀ ਮੌਕੇ ਮਿਲੇ ਪਰ ਉਹ ਆਪਣੇ ਨਾਮ ਮੁਤਾਬਿਕ ਕੋਈ ਜਲਵਾ ਨਾ ਦਿਖਾ ਸਕੇ। ਓਲੰਪਿਕ ਭਾਵਨਾ ਇਹਨਾਂ ਖੇਡਾਂ ਵਿੱਚ ਭਾਗ ਲੈਣ ਨੂੰ ਵਧੇਰੇ ਮਹੱਤਵਪੂਰਨ ਮੰਨਦੀ ਹੈ ਪਰ ਭਾਰਤੀ ਨਜ਼ਰੀਏ ਤੋਂ ਨਿਸ਼ਾਨੇਬਾਜ਼ਾਂ ਦੇ ਇਸ ਪ੍ਰਦਰਸ਼ਨ ਨੂੰ ਨਿਰਾਸ਼ਾਜਨਕ ਹੀ ਕਿਹਾ ਜਾ ਸਕਦਾ ਹੈ।

ਤੀਰਅੰਦਾਜ਼ੀ : ਭਾਰਤ ਬਹੁਤ ਸਮੇਂ ਤੋਂ ਤਗਮੇ ਦੀ ਆਸ ਨਾਲ ਓਲੰਪਿਕ ਦੀ ਤੀਰਅੰਦਾਜ਼ੀ ਵਿੱਚ ਭਾਗ ਲੈਂਦਾ ਆ ਰਿਹਾ ਹੈ ਪਰ ਕਦੇ ਵੀ ਤੀਰਅੰਦਾਜ਼ੀ ਦਾ ਨਾਮ ਤਗਮਾ ਸੂਚੀ ਵਿੱਚ ਅੰਕਿਤ ਨਹੀਂ ਕਰਵਾ ਸਕਿਆ। ਭਾਰਤੀ ਤੀਰਅੰਦਾਜ਼ਾਂ ਨੇ ਕਈ ਤਕੜੇ ਵਿਰੋਧੀਆਂ ਨੂੰ ਹਰਾ ਕੇ ਸ਼ੁਰੂਆਤ ਕੀਤੀ ਪਰ ਉਹ ਆਪਣੀ ਇਕਾਗਰਤਾ ਅਤੇ ਇਕਸਾਰਤਾ ਬਰਕਰਾਰ ਨਾ ਰੱਖ ਸਕੇ। ਅੰਤਨੂੰ ਦਾਸ ਦੇ ਪਹਿਲੇ ਤਿੰਨੇ ਮੁਕਾਬਲੇ ਹੀ ਟੋਕੀਓ ਓਲੰਪਿਕ ਪੁਰਸ਼ ਟੀਮ ਵਰਗ ਦੇ ਚਾਂਦੀ, ਸੋਨੇ ਅਤੇ ਕਾਂਸੀ ਤਗਮੇ ਦੇ ਜੇਤੂ ਤੀਰਅੰਦਾਜ਼ਾਂ ਨਾਲ ਸੀ, ਉਹ ਦੋ ਮੁਕਾਬਲੇ ਜਿੱਤਣ ਤੋਂ ਬਾਅਦ ਤੀਜੇ ਮੁਕਾਬਲੇ ਵਿੱਚ ਹਾਰ ਗਿਆ। ਭਾਰਤੀ ਪੁਰਸ਼ ਟੀਮ, ਮਿਕਸ ਟੀਮ ਅਤੇ ਦੀਪਕਾ ਕੁਮਾਰੀ ਆਪਣੇ ਤਿੰਨੇ ਵਰਗਾਂ ਵਿੱਚ ਕੁਆਟਰ ਫਾਈਨਲ ਵਿੱਚ ਪਹੁੰਚ ਗਏ ਸਨ ਪਰ ਉਹ ਮਜ਼ਬੂਤ ਦੱਖਣੀ ਕੋਰੀਆ ਚਣੌਤੀ ਤੋਂ ਪਾਰ ਨਾ ਪਾ ਸਕੇ ਅਤੇ ਤਿੰਨੇ ਹੀ ਮੁਕਾਬਲਿਆਂ ਵਿੱਚੋਂ ਹਾਰ ਕੇ ਬਾਹਰ ਹੋ ਗਏ। ਵਿਸ਼ਵ ਦੀ ਨੰਬਰ ਇੱਕ ਦੀਪਕਾ ਕੁਮਾਰੀ ਨੇ ਰਾਊਂਡ 16 ਵਿੱਚ ਰਿਓ ਓਲੰਪਿਕ ਚਾਂਦੀ ਤਗਮਾ ਜੇਤੂ ਕਸੇਨੀਆ ਪਿਰੋਵਾ ਨੂੰ ਹਰਾ ਕੇ ਕੁਆਟਰ ਫਾਇਨਲ ਵਿੱਚ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਤੀਰਅੰਦਾਜ਼ ਹੋਣ ਦਾ ਮਾਣ ਹਾਸਿਲ ਕੀਤਾ। ਭਾਰਤੀ ਪੁਰਸ਼ ਟੀਮ, ਮਿਕਸ ਟੀਮ ਅਤੇ ਦੀਪਕਾ ਕੁਮਾਰੀ ਨੂੰ ਕੁਆਟਰ ਫਾਈਨਲ ਵਿੱਚ ਹਰਾਉਣ ਵਾਲੇ ਦੱਖਣੀ ਕੋਰੀਆ ਦੇ ਤੀਰਅੰਦਾਜ਼ਾਂ ਨੇ ਹੀ ਇਹਨਾਂ ਤਿੰਨੇ ਮੁਕਾਬਲਿਆਂ ਦੇ ਫਾਈਨਲ ਵਿੱਚ ਪਹੁੰਚ ਕੇ ਤਿੰਨ ਸੋਨ ਤਗਮੇ ਹਾਸਿਲ ਕੀਤੇ। ਭਾਰਤੀ ਤੀਰਅੰਦਾਜ਼ਾਂ ਨੇ ਆਪਣੀ ਸਮਰੱਥਾ ਤਾਂ ਦਿਖਾਈ ਪਰ ਜੇਕਰ ਦੱਖਣੀ ਕੋਰੀਆ ਵਿਰੁੱਧ ਪ੍ਰਦਰਸ਼ਨ ਬੇਹਤਰ ਹੁੰਦਾ ਤਾਂ ਭਾਰਤੀ ਤਗਮਾ ਸੂਚੀ ਕੁਝ ਹੋਰ ਹੋਣੀ ਸੀ।

ਮੁੱਕੇਬਾਜ਼ੀ : ਮੁੱਕੇਬਾਜ਼ੀ ਵਿੱਚ ਵੀ ਭਾਰਤ ਦਾ ਪ੍ਰਦਰਸ਼ਨ ਵਧੀਆ ਰਹਿਣ ਦੀ ਉਮੀਦ ਸੀ। ਮੈਰੀ ਕਾਮ ਨੇ ਆਪਣਾ ਪਹਿਲਾ ਮੁਕਾਬਲਾ ਸ਼ਾਨਦਾਰ ਢੰਗ ਨਾਲ ਜਿੱਤਿਆ ਪਰ ਦੂਸਰੇ ਸੰਘਰਸ਼ਪੂਰਨ ਅਤੇ ਵਿਵਾਦਪੂਰਨ ਮੁਕਾਬਲੇ ਵਿੱਚ ਕੋਲੰਬੀਆ ਦੀ ਇੰਗ੍ਰਿਟ ਵਲੈਂਸੀਆ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ। ਮੈਰੀ ਕਾਮ ਦੇ ਸ਼ਾਨਦਾਰ ਖੇਡ ਜੀਵਨ ਤੇ ਝਾਤ ਮਾਰੀਏ ਤਾਂ ਇਹ ਹਾਰ ਵੀ ਕਈਆਂ ਲਈ ਪ੍ਰੇਰਨਾਸ੍ਰੋਤ ਸਾਬਿਤ ਹੋਵੇਗੀ। ਲਵਲੀਨਾ ਬੋਰਗੀਅਨ, ਪੂਜਾ ਰਾਣੀ ਅਤੇ ਸਤੀਸ਼ ਕੁਮਾਰ ਆਪਣੇ ਪਹਿਲੇ ਮੁਕਾਬਲੇ ਜਿੱਤਣ ਨਾਲ ਹੀ ਕੁਆਟਰ ਫਾਈਨਲ ਵਿੱਚ ਪਹੁੰਚ ਗਏ, ਜਿਸ ਕਰਕੇ ਉਹ ਤਗਮੇ ਤੋਂ ਕੇਵਲ ਇੱਕ ਕਦਮ ਦੂਰ ਸੀ। ਲਵਲੀਨਾ ਨੇ ਕੁਆਟਰ ਫਾਇਨਲ ਵਿੱਚ ਸਾਬਕਾ ਵਿਸ਼ਵ ਚੇਪਿਅਨ ਤਾਈਪੇ ਦੀ ਚਿਨ ਚੇਨ ਨੂੰ ਹਰਾ ਕੇ ਸੈਮੀ ਫਾਈਨਲ ਵਿੱਚ ਜਗ੍ਹਾ ਬਣਾਈ ਪਰ ਸੈਮੀ ਫਾਈਨਲ ਵਿੱਚ ਉਹ ਵਿਸ਼ਵ ਦੀ ਨੰਬਰ ਇੱਕ ਮੁੱਕੇਬਾਜ਼ ਤੁਰਕੀ ਦੀ ਬੁਸੇਨਾਜ ਸੁਰਮੇਨੇਲੀ ਤੋਂ ਹਾਰ ਗਈ ਅਤੇ ਕਾਂਸੀ ਦਾ ਤਗਮਾ ਪ੍ਰਾਪਤ ਕੀਤਾ। ਪੂਜਾ ਰਾਣੀ ਆਪਣੇ ਕੁਆਟਰ ਫਾਈਨਲ ਮੁਕਾਬਲੇ ਵਿੱਚ ਰਿਓ ਓਲੰਪਿਕ ਵਿੱਚ ਕਾਂਸੀ ਤਗਮਾ ਜੇਤੂ ਤਾਈਪੇ ਦੀ ਲੀ ਕਿਉਆਨ ਤੋਂ ਹਾਰ ਗਈ ਅਤੇ ਸਤੀਸ਼ ਕੁਮਾਰ ਉਜਬੇਕਿਸਤਾਨ ਦੇ ਵਿਸ਼ਵ ਚੈਪਿਅਨ ਬਖੋਦਿਰ ਜਲੋਲੋਵ ਤੋਂ ਹਾਰ ਗਿਆ। ਵਿਸ਼ਵ ਦੇ ਨੰਬਰ ਇੱਕ ਭਾਰਤੀ ਮੁੱਕੇਬਾਜ਼ ਅਮਿਤ ਪੰਗਾਲ ਰਿਓ ਓਲੰਪਿਕ ਵਿੱਚ ਚਾਂਦੀ ਤਗਮਾ ਜੇਤੂ ਕੋਲੰਬੀਆ ਦੇ ਯੁਬੇਰਜੇਨ ਮਾਰਟੀਨੇਜ ਤੋਂ ਆਪਣਾ ਪਹਿਲਾ ਮੁਕਾਬਲਾ ਹੀ ਨਾ ਜਿੱਤ ਸਕਿਆ ਇਸ ਤਰ੍ਹਾਂ ਭਾਰਤ ਦੇ ਪੰਜ ਮੁੱਕੇਬਾਜ਼ ਆਪਣਾ ਪਹਿਲਾ ਹੀ ਮੁਕਾਬਲਾ ਹਾਰ ਕੇ ਬਾਹਰ ਹੋ ਗਏ।

ਬੈਡਮਿੰਟਨ : ਇਸ ਵਿੱਚ ਪੁਰਸ਼ਾਂ ਦੀ ਜੋੜੀ ਸਾਤਵਿਕ ਸਰਾਜ ਅਤੇ ਚਿਰਾਗ ਸ਼ੈਟੀ ਨੇ ਪਹਿਲੇ ਮੁਕਾਬਲੇ ਵਿੱਚ ਵਿਸ਼ਵ ਦੀ ਤੀਸਰਾ ਦਰਜ਼ਾ ਪ੍ਰਾਪਤ ਤਾਈਪੇ ਦੀ ਜੋੜੀ ਨੂੰ ਹਰਾ ਕੇ ਚੰਗਾ ਪ੍ਰਦਰਸ਼ਨ ਕੀਤਾ।ਇਹ ਭਾਰਤੀ ਜੋੜੀ ਦੂਜੇ ਮੁਕਾਬਲੇ ਵਿੱਚ ਵਿਸ਼ਵ ਦੀ ਪਹਿਲਾ ਦਰਜਾ ਪ੍ਰਾਪਤ ਇੰਡੋਨੇਸ਼ੀਆਈ ਜੋੜੀ ਤੋਂ ਹਾਰ ਗਈ ਅਤੇ ਬਾਅਦ ਵਿੱਚ ਆਖਿਰ ਅੰਕਾਂ ਦੇ ਹੇਰ ਫੇਰ ਕਾਰਨ ਕੁਆਟਰ ਫਾਈਨਲ ਵਿੱਚ ਜਗ੍ਹਾ ਨਾਂ ਬਣਾ ਸਕੀ। ਰਿਓ ਓਲੰਪਿਕ ਦੀ ਚਾਂਦੀ ਦਾ ਤਗਮਾ ਜੇਤੂ ਪੀ. ਵੀ. ਸਿੰਧੂ ਮਹਿਲਾ ਏਕਲ ਵਿੱਚ ਸ਼ਾਨਦਾਰ ਪ੍ਰਦਰਸ਼ਨ ਨਾਲ ਪਹਿਲੇ ਤਿੰਨੋ ਮੈਚ ਜਿੱਤਣ ਤੋਂ ਬਾਅਦ ਕੁਆਟਰ ਫਾਈਨਲ ਵਿੱਚ ਵਿਸ਼ਵ ਦੀ ਪੰਜਵਾਂ ਦਰਜਾ ਪ੍ਰਾਪਤ ਜਾਪਾਨ ਦੀ ਅਕਾਨੇ ਯਾਮਾਗੁਚੀ ਨੂੰ ਹਰਾ ਕਿ ਸੈਮੀ ਫਾਈਨਲ ਵਿੱਚ ਪਹੁੰਚੀ। ਸੈਮੀ ਫਾਈਨਲ ਵਿੱਚ ਉਹ ਤਾਈਪੇ ਦੀ ਵਿਸ਼ਵ ਦੀ ਨੰਬਰ ਦੋ ਖਿਡਾਰੀ ਤਾਈ ਜ਼ੂ ਜਿੰਗ ਤੋਂ ਹਾਰ ਗਈ ਪਰ ਚੀਨ ਦੀ ਹੀਬਿੰਗ ਜਿਆਓ ਨੂੰ ਹਰਾ ਕੇ ਉਸ ਨੇ ਕਾਂਸੀ ਦਾ ਤਗਮਾ ਹਾਸਿਲ ਕੀਤਾ। ਪੀ,ਵੀ, ਸਿੰਧੂ ਲਗਾਤਾਰ ਦੋ ਓਲੰਪਿਕ ਖੇਡਾਂ ਵਿੱਚ ਤਗਮੇ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਬਣੀ।

ਹਾਕੀ : ਭਾਰਤੀ ਪੁਰਸ਼ ਅਤੇ ਮਹਿਲਾ ਟੀਮਾਂ ਨੇ ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਦੇ ਯਤਨਾਂ, ਕੋਚ ਗ੍ਰਾਹਿਮ ਰੀਡ ਅਤੇ ਐਸ. ਮੈਰੀਜਨੇ ਦੀ ਮਿਹਨਤ ਸਦਕਾ ਇਹਨਾਂ ਖੇਡਾਂ ਵਿੱਚ ਆਪਣੀ ਚਣੋਤੀ ਪੇਸ਼ ਕੀਤੀ। ਪੁਰਸ਼ ਟੀਮ ਨਿਊਜ਼ੀਲੈਂਡ ਤੋਂ 3-2, ਸਪੇਨ ਤੋਂ 3-0, ਅਰਜਨਟਾਈਨਾ ਤੋਂ 3-1, ਜਾਪਾਨ ਤੋਂ 5-3 ਦੀ ਜਿੱਤ ਅਤੇ ਆਸਟਰੇਲੀਆ ਤੋਂ 1-7 ਦੀ ਹਾਰ ਨਾਲ ਕੁਆਟਰ ਫਾਈਨਲ ਵਿੱਚ ਪਹੁੰਚ ਗਈ। ਭਾਰਤੀ ਹਾਕੀ ਟੀਮ ਨੇ ਕੁਆਟਰ ਫਾਈਨਲ ਵਿੱਚ ਇੰਗਲੈਂਡ ਨੂੰ 3-1 ਨਾਲ ਹਰਾ ਕੇ ਸੈਮੀ ਫਾਈਨਲ ਵਿੱਚ ਜਗ੍ਹਾ ਬਣਾਈ ਅਤੇ 41 ਸਾਲਾਂ ਬਾਅਦ ਓਲੰਪਿਕ ਹਾਕੀ ਵਿੱਚ ਪਹਿਲੀਆਂ ਚਾਰ ਟੀਮਾਂ ਵਿੱਚ ਸ਼ਾਮਿਲ ਹੋਈ। ਭਾਰਤ ਦਾ ਮੁਕਾਬਲਾ ਸੈਮੀ ਫਾਈਨਲ ਵਿੱਚ ਵਿਸ਼ਵ ਦੀ ਨੰਬਰ ਇੱਕ ਟੀਮ ਬੈਲਜ਼ਿਅਮ ਨਾਲ ਸੀ ਜਿਸ ਵਿੱਚ ਭਾਰਤ 2-5 ਨਾਲ ਹਾਰ ਗਿਆ। ਪੁਰਸ਼ ਹਾਕੀ ਟੀਮ ਨੇ ਤੀਸਰੇ ਸਥਾਨ ਲਈ ਜਰਮਨੀ ਨਾਲ ਖੇਡੇ ਮੈਚ ਵਿੱਚ 5-4 ਨਾਲ ਜਿੱਤ ਕੇ ਕਾਂਸੀ ਤਗਮੇ ਤੇ ਕਬਜ਼ਾ ਕੀਤਾ ਅਤੇ 41 ਸਾਲਾਂ ਦਾ ਭਾਰਤੀ ਓਲੰਪਿਕ ਹਾਕੀ ਵਿੱਚ ਤਗਮੇ ਦਾ ਸੋਕਾ ਖ਼ਤਮ ਕੀਤਾ। ਇਸੇ ਤਰ੍ਹਾਂ ਮਹਿਲਾ ਹਾਕੀ ਟੀਮ ਆਪਣੀਆਂ ਪਹਿਲੀਆਂ ਤਿੰਨ ਹਾਰਾਂ (ਹਾਲੈਂਡ ਤੋਂ 1-5, ਜਰਮਨੀ ਤੋਂ 0-2, ਇੰਗਲੈਂਡ ਤੋਂ 1-4) ਦੇ ਬਾਵਜੂਦ ਆਖਰੀ ਦੋ ਜਿੱਤਾਂ (ਆਇਰਲੈਂਡ ਤੋਂ 1-0, ਸਾਊਥ ਅਫਰੀਕਾ ਤੋਂ 4-3) ਨਾਲ ਕੁਆਟਰ ਫਾਈਨਲ ਵਿੱਚ ਪਹੁੰਚ ਗਈ। ਭਾਰਤੀ ਮਹਿਲਾ ਹਾਕੀ ਟੀਮ ਨੇ ਟੋਕੀਓ ਓਲੰਪਿਕ ਹਾਕੀ ਦਾ ਸਭ ਤੋਂ ਵੱਡਾ ਉਲਟ ਫੇਰ ਕਰਦਿਆਂ ਆਸਟ੍ਰੇਲੀਆ ਨੂੰ ਕੁਆਟਰ ਫਾਈਨਲ ਵਿੱਚ 1-0 ਨਾਲ ਹਰਾਇਆ ਅਤੇ ਪੁਰਸ਼ ਹਾਕੀ ਵਾਂਗ ਹੀ 41 ਸਾਲ ਬਾਅਦ ਪਹਿਲੀਆਂ ਚਾਰ ਟੀਮਾਂ ਵਿੱਚ ਸ਼ਾਮਿਲ ਹੋਈ। ਮਹਿਲਾ ਹਾਕੀ ਸੈਮੀ ਫਾਈਨਲ ਵਿੱਚ ਅਰਜਨਟਾਈਨਾ ਤੋਂ 1-2 ਨਾਲ ਹਾਰ ਗਈ ਅਤੇ ਤੀਸਰੇ ਸਥਾਨ ਲਈ ਇੰਗਲੈਂਡ ਨਾਲ ਖੇਡੇ ਮੈਚ ਵਿੱਚ 3 -4 ਨਾਲ ਹਾਰ ਕੇ ਚੌਥੇ ਸਥਾਨ’ਤੇ ਰਹੀ। ਭਾਰਤੀ ਮਹਿਲਾ ਹਾਕੀ ਟੀਮ ਭਾਵੇਂ ਕੋਈ ਤਗਮਾ ਨਾ ਜਿੱਤ ਸਕੀ ਪਰ ਕਰੋੜਾਂ ਭਾਰਤੀਆਂ ਦਾ ਦਿਲ ਜਰੂਰ ਜਿੱਤ ਲਿਆ।

ਐਥਲੈਟਿਕਸ : ਐਥਲੈਟਿਕਸ ਵਿੱਚ ਤਗਮੇ ਦੀਆਂ ਜਿਆਦਾ ਆਸਾਂ ਨਹੀਂ ਸਨ ਕੇਵਲ ਦੋ ਤਿੰਨ ਖਿਡਾਰੀਆਂ ਦੇ ਪ੍ਰਦਰਸ਼ਨ ’ਤੇ ਨਿਗਾਹਾਂ ਸਨ। ਭਾਰਤੀ ਪੁਰਸ਼ ਐਥਲੀਟ ਸਟੀਪਲਚੇਜ਼, 400 ਮੀਟਰ ਅੜਿੱਕਾ ਦੌੜ, ਲੰਬੀ ਛਾਲ, ਸ਼ਾਟ ਪੁੱਟ, ਰਿਲੇਅ ਰੇਸ ਮਹਿਲਾ ਅਥਲੀਟ 100, 200 ਮੀਟਰ, ਜੈਵਲਿਨ ਥ੍ਰੋਅ ਅਤੇ ਮਿਕਸ ਰਿਲੇਅ ਪਹਿਲੇ ਦੌਰ ਵਿੱਚ ਹੀ ਬਾਹਰ ਹੋ ਗਏ। ਅਵਿਨਾਸ਼ ਨੇ ਸਟੀਪਲਚੇਜ ਵਿੱਚ ਆਪਣੇ ਨਿੱਜੀ ਪ੍ਰਦਰਸ਼ਨ ਵਿੱਚ ਸੁਧਾਰ ਕਰਦਿਆਂ ਨਵਾਂ ਕੌਮੀ ਰਿਕਾਰਡ ਬਣਾਇਆ ਅਤੇ ਭਾਰਤੀ 4 ਗੁਣਾ 400 ਰਿਲੇਅ ਰੇਸ ਨੇ ਨਵਾਂ ਏਸ਼ੀਆਈ ਰਿਕਾਰਡ ਬਣਾਇਆ। ਡਿਸਕਸ ਥ੍ਰੋਅਰ ਕਮਲਪ੍ਰੀਤ ਕੌਰ ਨੇ ਆਪਣੇ ਗਰੁੱਪ ਵਿੱਚ 64 ਮੀਟਰ ਚੱਕਾ ਸੁੱਟ ਕੇ ਦੂਜੇ ਨੰਬਰ ’ਤੇ ਰਹਿੰਦਿਆਂ ਫਾਈਨਲ ਵਿੱਚ ਪ੍ਰਵੇਸ਼ ਕੀਤਾ ਅਤੇ ਫਾਈਨਲ ਵਿੱਚ ਉਹ 63.70 ਮੀਟਰ ਥ੍ਰੋਅ ਨਾਲ 6ਵੇਂ ਸਥਾਨ ’ਤੇ ਰਹੀ। ਇਹਨਾਂ ਖੇਡਾਂ ਲਈ ਭਾਰਤ ਦੇ ਪੋਸਟਰ ਬੁਆਏ ਨੀਰਜ ਚੋਪੜਾ ਨੇ ਜੈਵਲਿਨ ਥ੍ਰੋਅ ਦੇ ਕੁਆਲੀਫਾਈ ਰਾਊਂਡ ਵਿੱਚ 86.65 ਥ੍ਰੋਅ ਨਾਲ ਆਪਣੇ ਗਰੁੱਪ ਵਿੱਚ ਸਿਖਰ ’ਤੇ ਰਹਿੰਦਿਆ ਫਾਇਨਿਲ ਵਿੱਚ ਜਗ੍ਹਾ ਬਣਾਈ। ਨੀਰਜ ਚੋਪੜਾ ਨੇ ਫਾਇਨਲ ਵਿੱਚ ਇਤਿਹਾਸ ਰਚਦਿਆਂ 87.58 ਮੀਟਰ ਜੈਵਲਿਨ ਸੁੱਟ ਕੇ ਸੋਨੇ ਦਾ ਤਗਮਾ ਜਿੱਤਿਆ।ਭਾਰਤੀ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਤੋਂ ਬਾਅਦ ਇਹ ਤਗਮਾ ਭਾਰਤ ਦਾ ਦੂਜਾ ਨਿੱਜੀ ਓਲੰਪਿਕ ਤਗਮਾ ਸੀ ਪਰ ਐਥਲੈਟਿਕਸ ਵਿੱਚ ਭਾਰਤ ਦਾ ਇਹ ਪਹਿਲਾ ਸੋਨ ਤਗਮਾ ਸੀ।

ਕੁਸ਼ਤੀ: ਓਲੰਪਿਕ ਖੇਡਾਂ ਵਿੱਚ ਭਾਰਤ ਦੇ ਹਲਕੇ ਪ੍ਰਦਰਸ਼ਨ ਤੋਂ ਬਾਅਦ ਨਜ਼ਰਾਂ ਕੁਸ਼ਤੀ ’ਤੇ ਸਨ ਕਿਉਂਕਿ ਇਸ ਵਿੱਚ 3-4 ਤਗਮਿਆਂ ਦੀ ਸੰਭਾਵਨਾ ਸੀ। ਰਵੀ ਕੁਮਾਰ ਦਹੀਆ ਨੇ ਆਪਣੇ ਪਹਿਲੇ ਮੁਕਾਬਲੇ ਵਿੱਚ ਕੋਲੰਬੀਆਂ ਦੇ ਟਾਈਗਰੋਸ ਨੂੰ 13-2 ਤੋਂ, ਕੁਆਟਰ ਫਾਈਨਲ ਵਿੱਚ ਬੁਲਗਾਰੀਆ ਦੇ ਜੋਰਜੀ ਵਾਂਗੇਲੋਵ ਨੂੰ 14-4 ਤੋਂ ਤਕਨੀਕੀ ਸ੍ਰੇਸ਼ਠਤਾ ਨਾਲ ਹਰਾਇਆ।ਦਹੀਆ ਨੇ ਸੈਮੀ ਫਾਈਨਲ ਵਿੱਚ ਕਜ਼ਾਕਿਸਤਾਨ ਦੇ ਨੂਰਇਸਲਾਮ ਸਾਨੇਵ ਨਾਲ ਹੋਏ ਜ਼ਬਰਦਸਤ ਮੁਕਾਬਲੇ ਵਿੱਚ 2-9 ਨਾਲ ਪਛੜਣ ਤੋਂ ਬਾਅਦ ਉਸਦੇ ਮੋਢੇ ਲਵਾ ਕੇ ਜਿੱਤਿਆ। ਇਸ ਤਰ੍ਹਾਂ ਉਹ ਫਾਈਨਲ ਵਿੱਚ ਪ੍ਰਵੇਸ਼ ਕਰਨ ਵਾਲਾ ਦੂਜਾ ਭਾਰਤੀ ਪਹਿਲਵਾਨ ਬਣ ਗਿਆ। ਰਵੀ ਕੁਮਾਰ ਦਹੀਆ ਫਾਈਨਲ ਵਿੱਚ ਰਸ਼ੀਅਨ ਓਲੰਪਿਕ ਕਮੇਟੀ ਦੇ ਵਿਸ਼ਵ ਚੈਪਿਅਨ ਜ਼ਾਵੂਰ ਯੂਗੇਵ ਤੋਂ ਹਾਰ ਗਿਆ ਅਤੇ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ। ਦੀਪਕ ਪੂਨੀਆ ਨੇ 86 ਕਿਲੋ ਵਰਗ ਵਿੱਚ ਆਪਣੇ ਪਹਿਲੇ ਮੁਕਾਬਲੇ ਵਿੱਚ ਨਾਈਜ਼ੇਰੀਆ ਦੇ ਏਕਰੇਕਰਨੇ ਅਜਾਰਨਰ ਨੂੰ, ਕੁਆਟਰ ਫਾਈਨਲ ਵਿੱਚ ਚੀਨ ਦੇ ਜ਼ੁ ਸ਼ੇਨ ਲੀ ਨੂੰ ਹਰਾਇਆ ਪਰ ਸੈਮੀ ਫਾਈਨਲ ਵਿੱਚ ਉਹ ਅਮਰੀਕਾ ਦੇ ਡੇਵਿਡ ਟੇਲਰ ਤੋਂ ਹਾਰ ਗਿਆ। ਕਾਂਸੀ ਦੇ ਤਗਮੇ ਲਈ ਰੈਪਚੇਜ ਰਾਊਂਡ ਵਿੱਚ ਦੀਪਕ ਪੂਨੀਆ ਸੇਨ ਮਰੀਨੋ ਦੇ ਮੈਲਿਸ ਅਮੀਨੋ ਤੋਂ ਅੰਤਿਮ ਪਲਾਂ ਵਿੱਚ ਹਾਰ ਕੇ ਤਗਮੇ ਤੋਂ ਵਾਂਝਾਂ ਰਹਿ ਗਿਆ। ਭਾਰਤ ਲਈ ਤਗਮੇ ਦੀ ਉਮੀਦ ਵਿਨੇਸ਼ ਫੋਗਾਟ ਆਪਣੇ ਦੂਜੇ ਮੁਕਾਬਲੇ ਵਿੱਚ ਬੇਲਾਰੂਸ ਦੀ ਸਾਬਕਾ ਵਿਸ਼ਵ ਚੈਂਪਿਅਨ ਵਨੀਸਾ ਕੈਲਾਦਜ਼ੀ ਤੋਂ ਚਿੱਤ ਹੋ ਗਈ। ਭਾਰਤੀ ਸਟਾਰ ਪਹਿਲਵਾਨ ਬਜਰੰਗ ਪੂਨੀਆ ਨੇ 65 ਕਿਲੋ ਵਰਗ ਵਿੱਚ ਪਹਿਲੇ ਮੁਕਾਬਲੇ ਵਿੱਚ ਕਰਗਿਸਤਾਨ ਦੇ ਅਕਮਾਤੀਲੇਵ ਨੂੰ, ਦੂਜੇ ਮੁਕਾਬਲੇ ਵਿੱਚ ਇਰਾਨ ਦੇ ਮੁਰਤਜਾ ਗਿਆਸੀ ਨੂੰ ਹਰਾਇਆ ਪਰ ਸੈਮੀ ਫਾਈਨਲ ਵਿੱਚ ਅਜਰਬਾਈਜਾਨ ਦੇ ਹਾਜੀ ਅਲੀਯੇਵ ਤੋਂ ਹਾਰ ਗਿਆ। ਬਜਰੰਗ ਪੂਨੀਆ ਨੇ ਕਾਂਸੀ ਦੇ ਤਗਮੇ ਲਈ ਖੇਡੇ ਰੈਪਚੇਜ ਰਾਉਂਡ ਵਿੱਚ ਕਜ਼ਾਕਿਸਤਾਨ ਦੇ ਦੋਲੇਤ ਨਿਯਾਜਬੇਕੋਵ ਨੂੰ ਹਰਾ ਕਿ ਇਹਨਾਂ ਓਲੰਪਿਕ ਖੇਡਾਂ ਵਿੱਚ ਦੇਸ਼ ਦਾ ਛੇਵਾਂ ਤਗਮਾ ਜਿੱਤਿਆ। ਮਹਿਲਾ ਗੋਲਫਰ ਅਦਿੱਤੀ ਅਸ਼ੋਕ ਨੇ ਸਭ ਨੂੰ ਅਚੰਭਿਤ ਕਰਦਿਆਂ ਪਹਿਲੇ ਤਿੰਨ ਦਿਨ ਤੱਕ ਤਗਮੇ ਦੀ ਦੋੜ ਵਿੱਚ ਬਣੀ ਰਹੀ ਪਰ ਚੌਥੇ ਨਿਰਣਾਇਕ ਦਿਨ ਇੱਕ ਸ਼ਾਟ ਤੋਂ ਖੁੰਝ ਗਈ ਅਤੇ ਚੌਥੇ ਸਥਾਨ ’ਤੇ ਰਹੀ। ਟੇਬਲ ਟੈਨਿਸ ਵਿੱਚ ਮੋਨਿਕਾ ਬਤਰਾ ਅਤੇ ਸ਼ਰਦ ਕਮਲ ਨੇ ਲਗਾਤਾਰ ਦੋ-ਦੋ ਜਿੱਤਾਂ ਦਰਜ਼ ਕਰਕੇ ਅਪਣੇ ਨਿੱਜੀ ਪ੍ਰਦਰਸ਼ਨ ਵਿੱਚ ਸੁਧਾਰ ਕੀਤਾ ਪਰ ਤਗਮਾ ਜਿੱਤਣ ਤੋਂ ਦੂਰ ਰਹੇ। ਰੋਇੰਗ ਵਿੱਚ ਅਰਵਿੰਦ ਸਿੰਘ ਅਤੇ ਅਰਜੁਨ ਜਾਟ ਦੀ ਜੋੜੀ ਦਾ ਸੈਮੀ ਫਾਈਨਲ ਵਿੱਚ ਪਹੁੰਚਣਾ ਭਾਰਤ ਦੇ ਨਜ਼ਰੀਏ ਤੋਂ ਚੰਗੀ ਕਾਰਗੁਜਾਰੀ ਮੰਨੀ ਜਾ ਸਕਦੀ ਹੈ। ਇਸ ਤੋਂ ਇਲਾਵਾ ਜੂਡੋ, ਜਿਮਨਾਸਟਿਕ, ਤਲਵਾਰਬਾਜ਼ੀ, ਤੈਰਾਕੀ, ਸੇਲਿੰਗ, ਘੋੜ ਸਵਾਰੀ ਅਤੇ ਲਾਅਨ ਟੈਨਿਸ ਵਿੱਚ ਖਿਡਾਰੀਆਂ ਦਾ ਪ੍ਰਦਰਸ਼ਨ ਭਾਵੇਂ ਭਾਗ ਲੈਣ ਤੱਕ ਹੀ ਸੀਮਤ ਰਿਹਾ ਪਰ ਓਲੰਪਿਕ ਖੇਡਾਂ ਲਈ ਕੁਆਲੀਫਾਈ ਕਰਨਾ ਹੀ ਖਿਡਾਰੀਆਂ ਵਾਸਤੇ ਇੱਕ ਪ੍ਰਾਪਤੀ ਸੀ।

ਭਾਰਤ ਦੀ ਝੋਲੀ ਇਹਨਾਂ ਖੇਡਾਂ ਵਿੱਚ ਪਹਿਲੀ ਵਾਰ ਸੋਨਾ, ਚਾਂਦੀ ਅਤੇ ਕਾਂਸੀ ਦੇ ਕੁੱਲ ਸੱਤ ਤਗਮੇ ਪਏ, ਪਹਿਲਾ ਮਹਿਲਾ ਵੇਟ ਲਿਫਟਰ ਮੀਰਾ ਬਾਈ ਚਾਨੂੰ ਦਾ 49 ਕਿਲੋ ਵਰਗ ਵਿੱਚ ਚਾਂਦੀ ਦਾ ਤਗਮਾ, ਦੂਜਾ ਪੀ,ਵੀ, ਸਿੰਧੂ ਦਾ ਬੈਡਮਿੰਟਨ ਵਿੱਚ ਕਾਂਸੀ ਦਾ ਤਗਮਾ, ਤੀਜਾ ਮੁੱਕੇਬਾਜ਼ ਲਵਲੀਨਾ ਦਾ 69 ਕਿਲੋ ਵਰਗ ਵਿੱਚ ਕਾਂਸੀ ਦਾ ਤਗਮਾ, ਚੌਥਾ ਪੁਰਸ਼ ਹਾਕੀ ਦਾ ਕਾਂਸੀ ਦਾ ਤਗਮਾ, ਪੰਜਵਾਂ ਪਹਿਲਵਾਨ ਰਵੀ ਦਹੀਆ ਦਾ 57 ਕਿਲੋ ਵਰਗ ਵਿੱਚ ਚਾਂਦੀ ਦਾ ਤਗਮਾ, ਛੇਵਾਂ ਪਹਿਲਵਾਨ ਬਜਰੰਗ ਪੂਨੀਆ ਦਾ 65 ਕਿਲੋ ਵਰਗ ਵਿੱਚ ਅਤੇ ਸੱਤਵਾਂ ਨੀਰਜ ਚੋਪੜਾ ਦਾ ਜੈਵਲਿਨ ਥ੍ਰੋਅ ਵਿੱਚ ਪ੍ਰਾਪਤ ਹੋਇਆ। ਓਲੰਪਿਕ ਖੇਡਾਂ ਵਿੱਚ ਜਿੱਤੇ ਤਗਮਿਆਂ ਦੀ ਤੁਲਨਾ ਭਾਰਤ ਦੀ ਜਨਸੰਖਿਆ ਨਾਲ ਨਹੀਂ ਕਰਨੀ ਚਾਹੀਦੀ ਕਿਉਂਕਿ ਮੈਡਲ ਤਾਂ ਖਿਡਾਰੀਆਂ ਨੂੰ ਮੁੱਹਈਆ ਕਰਵਾਈਆਂ ਜਾਣ ਵਾਲੀਆਂ ਸਹੂਲਤਾਂ ਨਾਲ ਜਿੱਤੇ ਜਾਂਦੇ ਹਨ ਪਰ ਭਾਰਤੀ ਖਿਡਾਰੀਆਂ ਦੇ ਪ੍ਰਦਰਸ਼ਨ ਵਿੱਚ ਖੇਡ ਮਾਹਿਰਾਂ ਨੂੰ ਉਸ ਜੁਝਾਰੂਪਣ ਦੀ ਘਾਟ ਜਰੂਰ ਨਜ਼ਰ ਆਈ ਜੋ ਓਲੰਪਿਕ ਖੇਡਾਂ ਲਈ ਪਹਿਲਵਾਨ ਰਵੀ ਦਹੀਆ, ਨੀਰਜ ਚੋਪੜਾ ਜਾਂ ਹਾਕੀ ਦੇ ਖਿਡਾਰੀਆਂ ਨੇ ਦਿਖਾਇਆ। ਖਿਡਾਰੀਆਂ ਨੂੰ ਅਗਲੇ ਸਾਲਾਂ ਵਿੱਚ ਹੋਣ ਵਾਲੀਆਂ ਏਸ਼ੀਅਨ, ਰਾਸ਼ਟਰਮੰਡਲ ਅਤੇ ਓਲੰਪਿਕ ਖੇਡਾਂ ਲਈ ਸ਼ੁੱਭਕਾਮਨਾਂਵਾਂ ।

ਵਲੋਂ:
ਡਾ.ਕਰਨਜੀਤ ਸਿੰਘ ਬੇਦੀ
ਬਾਬਾ ਬੁੱਢਾ ਕਾਲਜ,ਬੀੜ ਸਾਹਿਬ, ਤਰਨ ਤਾਰਨ।

ਹੌਸਲੇ ਦੀ ਉਡਾਰੀ

ਖੁਦਕੁਸ਼ੀ (ਆਤਮ ਹੱਤਿਆ) ਉਹ ਇਨਸਾਨ ਕਰਦਾ ਹੈ ਜਿਸ ਵਿੱਚ ਮੁਸ਼ਕਿਲ ਨਾਲ ਲੜਨ ਦਾ ਜਜ਼ਬਾ ਨਹੀਂ ਹੁੰਦਾ। ਲਾਹਣਤ ਏ ਐਹੋ ਜਿਹੇ ਇਨਸਾਨਾਂ ਨੂੰ।ਸਬਕ ਸਿੱਖਣਾ ਚਾਹੀਦਾ ਇਨਸਾਨ ਨੂੰ ਪੰਛੀਆਂ ਤੋਂ ਜਿੰਨਾ ਕੋਲ ਆਪਣਾ ਘਰ ਵੀ ਨਹੀਂ ਹੁੰਦਾ ।ਪਰ ਉਹ ਹਲਾਤਾਂ ਅੱਗੇ ਕਦੇ ਹਿੰਮਤ ਨਹੀਂ ਹਾਰਦੇ। ਮੀਂਹ ਹਨੇਰੀ ਅਤੇ ਝੱਖੜ ਝੋਲੇ ਝੱਲ ਕੇ ਵੀ ਹਿੰਮਤ ਨਹੀਂ ਹਾਰਦੇ ਉਨ੍ਹਾਂ ਨੂੰ ਹੌਸਲਾ ਹੁੰਦਾ ਮੁਸ਼ਕਿਲਾਂ ਨਾਲ ਲੜਨ ਦਾ ਉਨਾਂ ਨੂੰ ਭਰੋਸਾ ਹੁੰਦਾ ਆਪਣੇ ਖੰਭਾਂ ਤੇ ਹਮੇਸ਼ਾ ਨਵੀਂ ਉਡਾਰੀ ਦੀ ਤਲਾਸ਼ ਵਿੱਚ ਰਹਿੰਦੇ ਹਨ।।

ਬਲਤੇਜ ਸੰਧੂ ਬੁਰਜ ਲੱਧਾ
ਜ਼ਿਲਾ ਬਠਿੰਡਾ
9465818158

ਹਲਕਾ ਫੁਲਕਾ

ਇੱਕ ਦੋਸਤ (ਦੂਜੇ ਨੂੰ), ‘‘...ਤਾਂ ਫਿਰ ਤੂੰ ਉਸ ਕੁੜੀ ਨਾਲ ਵਿਆਹ ਕਰਾਉਣ ਦਾ ਫੈਸਲਾ ਕਰ ਲਿਆ?’’

ਦੂਜਾ (ਨਿਰਾਸ਼ ਹੋ ਕੇ), ‘‘ਹਾਂ ਯਾਰ, ਕੀ ਕਰਾਂ, ਮਜਬੂਰੀ ਹੈ।’’

ਪਹਿਲਾ (ਨਿਰਾਸ਼ ਹੋ ਕੇ), ‘‘ਕਿਉਂ ਮਜਬੂਰੀ ਕਿਸ ਗੱਲ ਦੀ ਹੈ?’’

ਦੂਜਾ, ‘‘ਓ ਯਾਰ, ਉਹ ਇੰਨੀ ਮੋਟੀ ਹੋ ਗਈ ਹੈ ਕਿ ਮੰਗਣੀ ਦੀ ਮੁੰਦਰੀ ਉਸ ਦੀ ਉਂਗਲ ਵਿੱਚੋਂ ਉਤਰਦੀ ਹੀ ਨਹੀਂ।’’

****

ਪਤਨੀ, ‘‘ਤੁਸੀਂ ਮੈਨੂੰ ਦੋ ਗੱਲਾਂ ਬੋਲੋ ਕਿ ਇੱਕ ਨਾਲ ਮੈਂ ਖੁਸ਼ ਹੋ ਜਾਵਾਂ ਅਤੇ ਦੂਸਰੀ ਨਾਲ ਗੁੱਸੇ ਹੋ ਜਾਵਾਂ।’’

ਪਤੀ ਨੇ ਕਿਹਾ, ‘‘ਤੂੰ ਮੇਰੀ ਜ਼ਿੰਦਗੀ ਏਂ, ਅਤੇ ਦੂਸਰੀ ਗੱਲ, ਲਾਹਨਤ ਹੈ ਅਜਿਹੀ ਜ਼ਿੰਦਗੀ ਉੱਤੇ।’’

****

ਪਤੀ (ਪਤਨੀ ਨੂੰ), ‘‘ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ।’’

ਪਤਨੀ, ‘‘ਕੀ ਮੈਂ ਤੈਨੂੰ ਨਹੀਂ ਕਰਦੀ? ਮੈਂ ਤਾਂ ਤੇਰੇ ਲਈ ਸਾਰੀ ਦੁਨੀਆ ਨਾਲ ਲੜ ਸਕਦੀ ਹਾਂ।’’

ਪਤੀ, ‘...ਪਰ ਤੂੰ ਤਾਂ ਦਿਨ-ਰਾਤ ਮੇਰੇ ਨਾਲ ਹੀ ਲੜਦੀ ਰਹਿੰਦੀ ਏਂ?’’

ਪਤਨੀ, ‘‘ਤੂੰ ਹੀ ਤਾਂ ਮੇਰੀ ਦੁਨੀਆ ਹੈਂ...’’

ਕੋਟਕਪੂਰਾ ਗੋਲੀ ਕਾਂਡ ਦੇ ਫ਼ੈਸਲੇ ਨੂੰ ਕੁੰਵਰ ਵਿਜੈ ਪ੍ਰਤਾਪ ਵੱਲੋਂ ਹਾਈ ਕੋਰਟ ਦੇ ਡਬਲ ਬੈਂਚ ਵਿੱਚ ਚੁਣੌਤੀ

ਚੰਡੀਗੜ੍ਹ, 24 ਅਗਸਤ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਚੁੱਕੇ ਪੰਜਾਬ ਪੁਲਸ ਦੇ ਸਾਬਕਾ ਆਈ ਜੀ ਅਤੇ ਕੋਟਕਪੂਰਾ ਗੋਲੀ ਕਾਂਡ ਕੇਸ ਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਸਾਬਕਾ ਮੁਖੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਹਾਈ ਕੋਰਟ ਵੱਲੋਂ ਰੱਦ ਕਰਨ ਵਿਰੁੱਧ ਹਾਈ ਕੋਰਟ ਦੇ ਡਬਲ ਬੈਂਚ ਵਿੱਚ ਚੁਣੌਤੀ ਦਿੰਦਿਆਂ ਅਪੀਲ ਦਾਇਰ ਕੀਤੀ ਹੈ। ਕੋਰਟ ਇਸ ਦੀ ਸੁਣਵਾਈ ਸੱਤ ਦਸੰਬਰ ਨੂੰ ਕਰੇਗੀ। ਵਰਨਣ ਯੋਗ ਹੈ ਕਿ ਹਾਈ ਕੋਰਟ ਦੇ ਸਿੰਗਲ ਬੈਂਚ ਦੇ ਬੀਤੇ ਅਪਰੈਲ ਵਿੱਚ ਦਿੱਤੇ ਫ਼ੈਸਲੇ ਤੋਂ ਬਾਅਦ ਕੁੰਵਰ ਵਿਜੇ ਪ੍ਰਤਾਪ ਸਿੰਘਨੇ ਪੰਜਾਬ ਪੁਲਸ ਦੇ ਆਈ ਜੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਕੱਲ੍ਹ ਉਨ੍ਹਾਂ ਨੇ ਡਬਲ ਬੈਂਚ ਵਿੱਚ ਦਾਇਰ ਪਟੀਸ਼ਨ ਵਿੱਚ ਕਿਹਾ ਕਿ ਉਨ੍ਹਾਂ ਦੀ ਜਾਂਚ ਰਿਪੋਰਟ ਪੂਰੀ ਤਰ੍ਹਾਂ ਸਹੀ ਹੈ ਅਤੇ ਉਨ੍ਹਾਂ ਵਿਰੁੱਧ ਫ਼ੈਸਲੇ ਸਮੇਂ ਕੀਤੀਆਂ ਗਈਆਂ ਟਿੱਪਣੀਆਂ ਵਾਪਸ ਲਈਆਂ ਜਾਣੀਆਂ ਚਾਹੀਦੀਆਂ ਹਨ। ਸਿੰਗਲ ਬੈਂਚ ਨੇ ਫ਼ੈਸਲਾ ਦੇਣ ਸਮੇਂ ਕੁੰਵਰ ਵਿਜੇ ਪ੍ਰਤਾਪ ਸਿੰਘ ਉਤੇ ਇੱਕਤਰਫਾ ਜਾਂਚ ਕਰਨ ਦੀ ਗੱਲ ਕਹਿ ਕੇ ਸਖ਼ਤ ਟਿੱਪਣੀਆਂ ਕਰਨ ਦੇ ਨਾਲ ਹੀ ਬਾਦਲ ਪਿਤਾ-ਪੁੱਤਰ ਨੂੰ ਵੀ ਕਲੀਨ ਚਿੱਟ ਦੇ ਦਿੱਤੀ ਸੀ ਅਤੇ ਸਰਕਾਰ ਨੂੰ ਨਵੀਂ ਐੱਸ ਆਈ ਟੀ ਬਣਾਉਣ ਲਈ ਕਿਹਾ ਸੀ। ਨਵੀਂ ਟੀਮਵੀ ਜਾਂਚ ਕਰ ਰਹੀ ਹੈ। ਇਸੇ ਦੌਰਾਨ ਪੰਜਾਬ ਸਰਕਾਰ ਨੇ ਵੀ ਹਾਈ ਕੋਰਟ ਦੇ ਫ਼ੈਸਲੇ ਨੂੰ ਸਪੈਸ਼ਲ ਲੀਵ ਪਟੀਸ਼ਨ ਰਾਹੀਂ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੋਈ ਹੈ। ਕੁੰਵਰ ਵਿਜੇ ਪ੍ਰਤਾਪ ਨੇ ਹਾਈ ਕੋਰਟ ਦੇ ਡਬਲ ਬੈਂਚ ਕੋਲ ਪਟੀਸ਼ਨ ਪਾਈ ਹੈ।

ਮਲੋਟ ਵਿੱਚ ਵੀ ਸੁਖਬੀਰ ਬਾਦਲ ਦਾ ਵਿਰੋਧ, ਕਿਸਾਨਾਂ ਨੇ ਬੈਨਰ ਪਾੜੇ ਤੇ ਕਾਲੀ ਝੰਡੀਆਂ ਦਿਖਾਈਆਂ

ਮਲੋਟ, 24 ਅਗਸਤ (ਪੋਸਟ ਬਿਊਰੋ)- ਅੱਜ ਮਲੋਟ ਦੌਰੇ ਦੌਰਾਨ ਵੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਿਸਾਨਾਂ ਦੇ ਜ਼ਬਰਦਸਤ ਵਿਰੋਧ ਕੀਤਾ। ਮਲੋਟ ਦੀ ਅਨਾਜ ਮੰਡੀ ਵਿੱਚ ਪ੍ਰੋਗਰਾਮ ਪਿੱਛੋਂ ਸਵਾਲਾਂ ਦੇ ਜਵਾਬ ਨਾ ਦੇਣ ਉੱਤੇ ਕਿਸਾਨਾਂ ਨੇ ਅਗਲੇ ਪ੍ਰੋਗਰਾਮ ਦੌਰਾਨ ਪੈਲੇਸ ਵਿੱਚ ਜਾ ਕੇ ਉਨ੍ਹਾਂ ਦਾ ਵਿਰੋਧ ਕੀਤਾ ਤਾਂ ਇਸ ਦੌਰਾਨ ਅਕਾਲੀ ਵਰਕਰਾਂ ਅਤੇ ਕਿਸਾਨਾਂ ਦੇ ਆਹਮੋ-ਸਾਹਮਣੇ ਹੋਣ ਕਰ ਕੇ ਹਾਲਾਤ ਤਣਾਅਪੂਰਨ ਹੋ ਗਏ ਅਤੇ ਮਾਹੌਲ ਵਿਗੜਦਾ ਦੇਖ ਸੁਖਬੀਰ ਬਾਦਲ ਰਸਤਾ ਬਦਲ ਕੇ ਪੈਲੇਸ ਵਿੱਚੋਂ ਬਾਹਰ ਨਿਕਲ ਗਏ।

ਅਕਾਲੀ ਦਲ ਵੱਲੋਂ ਅੱਜ ਮਲੋਟ ਵਿੱਚ ਰੱਖੇ ਗਏ 11 ਪ੍ਰੋਗਰਾਮਾਂ ਦੀ ਸ਼ੁਰੂਆਤ ਅਨਾਜ ਮੰਡੀ ਵਿੱਚ ਇੱਕ ਰੈਲੀ ਤੋਂ ਹੋਈ। ਇਸ ਮੌਕੇ ਉੱਤੇਵੱਖ-ਵੱਖ ਕਿਸਾਨ ਜਥੇਬੰਦੀਆਂ ਦੇ 300 ਤੋਂ ਵੱਧ ਮੈਂਬਰ ਇਕੱਠੇ ਹੋ ਗਏ। ਸਾਂਝੇ ਕਿਸਾਨ ਮੋਰਚਾ ਦੇ ਫੈਸਲੇ ਦੇ ਅਨੁਸਾਰ ਇਸ ਦੌਰਾਨ ਸੁਖਬੀਰ ਸਿੰਘ ਬਾਦਲ ਤੋਂ ਸਵਾਲ ਪੁੱਛੇ ਜਾਣੇ ਸੀ,ਪਰ ਉਹ ਕਿਸਾਨਾਂ ਨਾਲ ਗੱਲ ਕੀਤੇ ਬਿਨਾਂ ਰੈਲੀ ਸਥਾਨ ਤੋਂ ਚੱਲੇ ਗਏ। ਇਸ ਉੱਤੇ ਨਾਰਾਜ਼ ਕਿਸਾਨਾਂ ਨੇ ਨਾਅਰੇਬਾਜ਼ੀ ਕਰਕੇ ਸੁਖਬੀਰ ਸਿੰਘ ਬਾਦਲ ਦੇ ਬੈਨਰ ਪਾੜ ਦਿੱਤੇ। ਫਿਰ ਕਿਸਾਨਾਂ ਨੇ ਫਾਜ਼ਿਲਕਾ ਰੋਡ ਉੱਤੇ ਇੱਕ ਪੈਲੇਸ ਵਿੱਚ ਰੱਖੇ ਪ੍ਰੋਗਰਾਮ ਦੇ ਬਾਹਰ ਜਾ ਕੇ ਦਿੱਲੀ-ਫਾਜ਼ਿਲਕਾ ਹਾਈਵੇ ਉੱਤੇ ਜਾਮ ਲਾ ਦਿੱਤਾ ਅਤੇ ਕਾਲੀਆਂ ਝੰਡੀਆਂ ਨਾਲ ਪ੍ਰਦਰਸ਼ਨ ਕੀਤਾ।ਪੁਲਸ ਪ੍ਰਸ਼ਾਸਨ ਵੱਲੋਂ ਬਣਾਈ ਰਣਨੀਤੀ ਦੇ ਤਹਿਤ ਰਾਸਤੇ ਬਦਲ ਕੇ ਸੁਖਬੀਰ ਸਿੰਘ ਦੀਆਂ ਗੱਡੀਆਂ ਨੂੰ ਫਾਜ਼ਿਲਕਾ ਰੋਡ ਤੋਂ ਰਵਾਨਾ ਕੀਤਾ ਗਿਆ।

ਇਸ ਮੌਕੇ ਮਹਿਲਾ ਮਨਜੀਤ ਕੌਰ ਨੇ ਪੰਡਾਲ ਵਿੱਚ ਜਾ ਕੇ ਸੁਖਬੀਰ ਸਿੰਘ ਬਾਦਲ ਨੂੰ ਮਿਲ ਕੇ ਅਕਾਲੀ ਦਲ ਦੇ ਨੇਤਾਵਾਂਉੱਤੇ ਧੱਕੇਸ਼ਾਹੀ ਦੇ ਦੋਸ਼ ਲਾ ਕੇ ਉਨ੍ਹਾ ਤੋਂ ਸਵਾਲਾਂ ਦੇ ਜਵਾਬ ਮੰਗੇ। ਉਸ ਨੇ ਕਿਹਾ ਕਿ ਅਕਾਲੀ ਰਾਜ ਵਿੱਚ ਇੱਕ ਪੁਲਸ ਇੰਸਪੈਕਟਰ ਅਤੇ ਦੋ ਅਕਾਲੀ ਨੇਤਾਵਾਂ ਨੇ ਉਸਦੀ ਬੇਟੀ ਦੀ 15 ਏਕੜ ਜ਼ਮੀਨ ਨੱਪ ਲਈ। ਉਸਵਿਰੁੱਧ 8 ਝੂਠੇ ਕੇਸ ਦਰਜ ਕੀਤੇ ਅਤੇ ਅਕਾਲੀ ਰਾਜ ਵਿੱਚ ਨਸ਼ਾ ਖੁਲ੍ਹੇਆਮ ਵਿਕਦਾ ਸੀ ਜੋ ਉਸਦੇ ਪੁੱਤ ਦੀ ਮੌਤ ਦਾ ਕਾਰਨ ਬਣਿਆ।

ਇਸ ਦੇ ਬਾਵਜੂਦ ਪਾਰਕ ਪਲਾਜ਼ਾ ਦੇ ਬਾਹਰ ਪ੍ਰਦਰਸ਼ਨ ਕਰਦੇ ਕਿਸਾਨ ਨੇਤਾਵਾਂ ਨਾਲ ਸੁਖਬੀਰ ਸਿੰਘ ਬਾਦਲ ਨੇ ਮੀਟਿੰਗ ਕੀਤੀ, ਜੋ ਬੇਨਤੀਜਾ ਰਹੀ। ਕਿਸਾਨ ਨੇਤਾਵਾਂ ਦਾ ਕਹਿਣਾ ਸੀ ਕਿ ਸੁਖਬੀਰ ਸਿੰਘ ਉਨ੍ਹਾਂ ਦੀ ਕੋਈ ਜਵਾਬ ਨਹੀਂ ਦੇ ਸਕੇ। ਸੁਖਬੀਰ ਸਿੰਘ ਨੇ ਕਿਹਾ ਕਿ ਸ਼ੋਰ ਮਚਾਉਣ ਵਾਲੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਸਮਰਥਕ ਸਨ।

ਕੈਬਨਿਟ ਮੰਤਰੀ ਧਰਮਸ਼ੋਤ ਨੇ ਮਹਿਲਾ ਕਿਸਾਨ ਆਗੂ ਤੋਂ ਮਾਫੀ ਮੰਗੀ

ਭਾਦਸੋਂ, 24 ਅਗਸਤ (ਪੋਸਟ ਬਿਊਰੋ)- ਪਿਛਲੇ ਕਰੀਬ ਦੋ ਮਹੀਨਿਆਂ ਤੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸ਼ੋਤ ਦਾਉਸ ਦੇ ਹਲਕੇ ਨਾਭਾ ਵਿੱਚ ਕਈ ਥਾਂ ਵਿਰੋਧ ਕੀਤਾ ਜਾਂਦਾ ਸੀ। ਮੰਤਰੀ ਵੱਲੋਂ ਇੱਕ ਮਹਿਲਾ ਕਿਸਾਨ ਆਗੂ ਖ਼ਿਲਾਫ਼ ਵਰਤੀ ਸ਼ਬਦਾਵਲੀ ਕਾਰਨ ਇਹ ਰੇੜਕਾ ਚਲ ਰਿਹਾ ਸੀ। ਇਸ ਨੂੰ ਉਦੋਂ ਠੱਲ੍ਹ ਪਈ, ਜਦੋਂ ਕੱਲ੍ਹ ਮੰਤਰੀ ਨੇ ਕਿਸਾਨ ਆਗੂਆਂ ਤੇ ਮਹਿਲਾ ਆਗੂ ਸਰਬਜੀਤ ਕੌਰ ਤੋਂ ਮੁਆਫੀ ਮੰਗ ਲਈ। ਮੰਤਰੀ ਵੱਲੋਂ ਮੁਆਫ਼ੀ ਮੰਗਣ ਤੋਂ ਬਾਅਦ ਕਿਸਾਨ ਆਗੂ ਵੀ ਸੰਤੁਸ਼ਟ ਵਿਖਾਈ ਦਿੱਤੇ।

ਵਰਨਣ ਯੋਗ ਹੈ ਕਿ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੀ ਕਿਸਾਨ ਆਗੂ ਸਰਬਜੀਤ ਕੌਰ ਨੇ ਦੋਸ਼ ਲਾਇਆ ਸੀ ਕਿ ਮੰਤਰੀ ਧਰਮਸ਼ੋਤ ਨੇ ਉਸ ਦੇ ਖ਼ਿਲਾਫ਼ ਮੰਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਇਸ ਤੋਂ ਬਾਅਦ ਧਰਮਸ਼ੋਤ ਜਿਸ ਵੀ ਪ੍ਰੋਗਰਾਮ ਵਿੱਚ ਗਏ, ਭਾਰਤੀ ਕਿਸਾਨ ਯੂਨੀਅਨ ਵੱਲੋਂ ਲਗਾਤਾਰ ਉਨ੍ਹਾਂ ਦਾ ਵਿਰੋਧ ਕੀਤਾ ਗਿਆ। ਯੂਨੀਅਨ ਦੀ ਮੰਗ ਸੀ ਕਿ ਜਦੋਂ ਤਕ ਧਰਮਸ਼ੋਤ ਜਨਤਕ ਤੌਰ ਉੱਤੇ ਮੁਆਫੀ ਨਹੀਂ ਮੰਗਦੇ, ਇਹ ਵਿਵਾਦ ਚਲਦਾ ਰਹੇਗਾ। ਵਿਵਾਦ ਖਤਮ ਕਰਨ ਲਈ ਕੱਲ੍ਹ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸ਼ੋਤ ਅਤੇ ਕਿਸਾਨ ਆਗੂਆਂ ਦੀ ਮੀਟਿੰਗ ਪਿੱਛੋਂ ਸਮਝੌਤਾ ਹੋ ਗਿਆ।ਇਸ ਦੌਰਾਨ ਧਰਮਸ਼ੋਤ ਨੇ ਕਿਹਾ ਕਿ ਕਿਸਾਨ ਆਗੂ ਬੀਬੀ ਮੇਰੀ ਭੈਣ ਹੈ। ਮੈਂ ਏਦਾਂ ਦੀ ਕੋਈ ਗੱਲ ਨਹੀਂ ਕਹੀ, ਜਿਸ ਦੀ ਇਨ੍ਹਾਂ ਨੂੰ ਤਕਲੀਫ ਹੋਵੇ। ਜੇ ਇਨ੍ਹਾਂ ਨੂੰ ਠੇਸ ਪਹੁੰਚੀ ਹੈ ਤਾਂ ਮੈਂ ਇਨ੍ਹਾਂ ਤੋਂ ਮੁਆਫੀ ਮੰਗਦਾ ਹਾਂ। ਉਸ ਦੀ ਮੁਆਫੀ ਤੋਂ ਬਾਅਦ ਕਿਸਾਨਾਂ ਦਾ ਗੁੱਸਾ ਸ਼ਾਂਤ ਹੋ ਗਿਆ। ਕਿਸਾਨ ਆਗੂ ਸਰਬਜੀਤ ਕੌਰ ਅਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲ੍ਹਾ ਆਗੂ ਜਗਮੇਲ ਸਿੰਘ ਸੁਧੇਵਾਲ ਨੇ ਕਿਹਾ ਕਿ ਕੱਲ੍ਹ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸ਼ੋਤ ਨੇ ਮੁਆਫੀ ਮੰਗ ਲਈ ਅਤੇ ਸਾਡੀ ਪਾਰਟੀ ਨੇ ਫ਼ੈਸਲਾ ਲਿਆ ਕਿ ਅਸੀਂ ਮੰਤਰੀ ਨੂੰ ਵੀ ਮੁਆਫ਼ ਕਰ ਦਿੱਤਾ ਹੈ।

ਲੋਕਾਂ ਨੇ ਠੱਗ ਨੂੰ ਕਾਬੂ ਕਰ ਕੇ ਪੁਲਸ ਦੇ ਹਵਾਲੇ ਕੀਤਾ

ਗੁਰਾਇਆ, 24 ਅਗਸਤ (ਪੋਸਟ ਬਿਊਰੋ)- ਬੀਤੀ 26 ਮਈ ਨੂੰ ਬਿਨ੍ਹਾਂ ਨੰਬਰੀ ਐਕਟਿਵਾ ਸਵਾਰ ਇੱਕ ਠੱਗ ਪ੍ਰਵਾਸੀ ਮਜ਼ਦੂਰ ਮਧੂ ਭਾਰਤੀ ਦੇ ਪਰਵਾਰ ਨੂੰ ਨਿਸ਼ਾਨਾ ਬਣਾ ਕੇ ਉਸ ਦਾ ਗੈਸ ਸਿਲੈਂਡਰ ਅਤੇ ਹਜ਼ਾਰ ਰੁਪਏ ਦੀ ਨਗਦੀ ਲੈ ਕੇ ਫਰਾਰ ਹੋ ਗਿਆ ਸੀ, ਜਿਸ ਦੀ ਤਸਵੀਰ ਸੀ ਸੀ ਟੀ ਵੀ ਕੈਮਰਿਆਂ ਵਿੱਚ ਕੈਦ ਹੋ ਗਈ ਸੀ। ਕਰੀਬ ਤਿੰਨ ਮਹੀਨੇ ਬੀਤਣ ਦੇ ਬਾਵਜੂਦ ਪੁਲਸ ਨੇ ਨਾ ਕੇਸ ਦਰਜ ਕੀਤਾ ਨਾ ਉਹ ਠੱਗ ਫੜਿਆ ਸੀ। ਕੱਲ੍ਹ ਉਹ ਠੱਗ ਫਿਰ ਗੁਰਾਇਆ ਦੀ ਕ੍ਰਿਸ਼ਨਾ ਕਾਲੋਨੀ ਦੇ ਘਰ ਵਿੱਚ ਉਸੇ ਬਿਨ੍ਹਾਂ ਨੰਬਰੀ ਸਕੂਟਰੀ ਉੱਤੇ ਆਇਆ ਅਤੇ ਉਸੇ ਤਰ੍ਹਾਂ ਮਹਿਲਾ ਨੂੰ ਠੱਗਣ ਦੀ ਕੋਸ਼ਿਸ਼ ਕਰ ਰਿਹਾ ਸੀ। ਨੌਜਵਾਨ ਨੇ ਦੱਸਿਆ ਕਿ ਉਕਤ ਵਿਅਕਤੀ ਉਨ੍ਹਾਂ ਦੇ ਘਰ ਵਿੱਚ ਆਇਆ ਅਤੇ ਕਹਿਣ ਲੱਗਾ ਕਿ ਉਹ ਗੈਸ ਏਜੈਂਸੀ ਤੋਂ ਆਇਆ ਹੈ, ਉਨ੍ਹਾਂ ਦੇ ਸਿਲੈਂਡਰ ਦੀ ਪਿੰਨ ਠੀਕ ਨਹੀਂ ਹੈ, ਸਿਲੈਂਡਰ ਲੀਕ ਕਰ ਰਿਹਾ ਹੈ, ਜਿਸ ਕਾਰਨ ਉਨ੍ਹਾਂ ਨੂੰ ਸ਼ੱਕ ਹੋਇਆ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਸਿਲੈਂਡਰ ਦੀ ਹੋਮ ਡਿਲੀਵਰੀ ਹੁੰਦੀ ਹੈ। ਇਸ ਦੇ ਬਾਅਦ ਠੱਗ ਸਕੂਟਰੀ ਲੈ ਕੇ ਫਰਾਰ ਹੋ ਗਿਆ, ਜਿਸਦਾ ਪਿੱਛਾ ਕਰਕੇ ਮੁਹੱਲਾ ਵਾਸੀਆਂ ਨੇ ਉਸ ਨੂੰ ਫੜਿਆ ਤਾਂ ਉਸ ਨੇ ਦੱਸਿਆ ਕਿ ਪਹਿਲਾਂ ਵੀ ਉਹ ਗੁਰ-ਾਇਆ ਵਿੱਚ ਪ੍ਰਵਾਸੀ ਮਜ਼ਦੂਰ ਦਾ ਸਿਲੈਂਡਰ ਤੇ ਇੱਕ ਹਜ਼ਾਰ ਰੁਪਏ ਲੈ ਕੇ ਫਰਾਰ ਹੋ ਗਿਆ ਸੀ। ਮਹੁੱਲਾ ਵਾਸੀਆਂ ਨੇ ਉਕਤ ਵਿਅਕਤੀ ਨੂੰ ਗੁਰਾਇਆ ਪੁਲਸ ਦੇ ਹਵਾਲੇ ਕਰ ਦਿੱਤਾ ਸੀ।

ਐਸ ਆਈ ਦਿਨੇਸ਼ ਕੁਮਾਰ ਨੇ ਦਸਿਆ ਕਿ ਜਿਨ੍ਹਾਂ ਦੇ ਘਰ ਇਹ ਆਇਆ ਸੀ, ਉਨ੍ਹਾਂ ਨੇ ਕੋਈ ਕਾਰਵਾਈ ਨਾ ਕਰਨ ਲਈ ਲਿਖ ਕੇ ਦਿੱਤਾ ਹੈ। ਸਵਾਲ ਇਹ ਉਠਦਾ ਹੈ ਕਿ ਤਿੰਨ ਮਹੀਨੇ ਪਹਿਲਾਂ ਪੁਲਸ ਨੂੰ ਇਸ ਵਿਅਕਤੀ ਦੇ ਖ਼ਿਲਾਫ਼ ਦਿੱਤੀ ਲਿਖਤੀ ਸ਼ਿਕਾਇਤ ਉੱਤੇਕੇਸ ਕਿਉਂ ਨਹੀਂ ਦਰਜ ਕੀਤਾ ਅਤੇ ਅਜੇ ਵੀ ਕਾਰਵਾਈ ਤੋਂ ਕਤਰਾ ਰਹੀ ਹੈ।

Steinmetz & Associates

PERSONAL INJURY LAWYERS

Harry Steinmetz
Certified as Specialist
by the Law Society of
Ontario in Civil Litigation
(with over 27yrs. of experience)

BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਲੁਟੇਰਿਆਂ ਨੇ ਸਿਰ ਉਤੇ ਬੋਤਲ ਮਾਰ ਕੇ ਔਰਤ ਦਾ ਕਤਲ ਕੀਤਾ

ਬਟਾਲਾ, 24 ਅਗਸਤ (ਪੋਸਟ ਬਿਊਰੋ)- ਬੇੜੀਆਂ ਮੁਹੱਲੇ ਵਿੱਚ ਦਿਨ ਦਿਹਾੜੇ ਚੋਰੀ ਦੀ ਨੀਯਤ ਨਾਲ ਆਏ ਅਣਪਛਾਤੇ ਬੰਦਿਆਂ ਨੇ ਸਿਰ ਉੱਤੇ ਬੋਤਲ ਮਾਰ ਕੇ ਔਰਤ ਦਾ ਕਤਲ ਕਰ ਦਿੱਤਾ ਤੇ ਫਰਾਰ ਹੋ ਗਏ। ਮ੍ਰਿਤਕਾ ਦੀ ਪਛਾਣ ਪ੍ਰਵੇਜ਼ ਸਾਨਨ (55) ਵਜੋਂ ਹੋਈ ਹੈ। ਪੁਲਸ ਨੇ ਘਟਨਾ ਦੀ ਬਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ।

ਥਾਣਾ ਸਿਟੀ ਨੂੰ ਮ੍ਰਿਤਕਾਦੇ ਪਤੀ ਨਰਿੰਦਰ ਕੁਮਾਰ ਨੇ ਦੱਸਿਆ ਕਿ ਉਹ ਬਟਾਲਾ ਦੇ ਗਾਂਧੀ ਚੌਕ ਵਿੱਚ ਰੰਗਾਂ ਅਤੇ ਕੈਮੀਕਲ ਦੀ ਦੁਕਾਨ ਕਰਦਾ ਹੈ। ਰੋਜ਼ ਵਾਂਗ ਕੱਲ੍ਹ ਸਵੇਰੇ ਉਹ ਤੇ ਉਸ ਦਾ ਪੁੱਤਰ ਦੁਕਾਨ ਉੱਤੇ ਚਲੇ ਗਏ ਅਤੇ ਪਿੱਛੋਂ ਘਰ ਵਿੱਚ ਉਸ ਦੀ ਪਤਨੀ ਪ੍ਰਵੇਜ਼ ਸਾਨਨ ਇਕੱਲੀ ਸੀ। ਨਰਿੰਦਰ ਕੁਮਾਰ ਮੁਤਾਬਕ ਦੁਪਹਿਰ ਸਮੇਂ ਜਦੋਂ ਪਤਨੀ ਨੂੰ ਫੋਨ ਕੀਤਾ ਤਾਂ ਉਸ ਵੱਲੋਂ ਫੋਨ ਨਾ ਚੁੱਕੇ ਜਾਣ ਉੱਤੇ ਉਸ ਨੇ ਆਪਣੇ ਪੁੱਤਰ ਨੂੰ ਘਰ ਭੇਜਿਆ। ਲੜਕੇ ਨੇ ਘਰ ਜਾ ਕੇ ਦੇਖਿਆ ਤਾਂ ਉਸ ਦੀ ਮਾਂ ਲਹੂ-ਲੁਹਾਨ ਜ਼ਮੀਨ ਉੱਤੇ ਗੰਭੀਰ ਜ਼ਖ਼ਮੀ ਹਾਲਤ ਵਿੱਚ ਪਈ ਸੀ ਤੇ ਘਰ ਦਾ ਸਾਮਾਨ ਖਿਲਰਿਆ ਹੋਇਆ ਸੀ।ਨਰਿੰਦਰ ਕੁਮਾਰ ਨੇ ਦੱਸਿਆ ਕਿ ਉਸ ਦੇ ਪੁੱਤਰ ਨੇ ਉਸ ਨੂੰ ਫੋਨ ਉੱਤੇ ਸਾਰੀ ਗੱਲ ਦੱਸੀ ਤਾਂ ਉਹ ਘਰ ਗਿਆ ਤੇ ਪਤਨੀ ਨੂੰ ਸਿਵਲ ਹਸਪਤਾਲ ਪਹੁੰਚ-ਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਨਰਿੰਦਰ ਕੁਮਾਰ ਨੇ ਦੱਸਿਆ ਕਿ ਉਸ ਦੀ ਪਤਨੀ ਦਾ ਕਤਲ ਕੁਝ ਅਣਪਛਾਤੇ ਬੰਦਿਆਂ ਨੇ ਘਰ ਵਿੱਚ ਲੁੱਟ ਕਰਨ ਦੀ ਨੀਤ ਨਾਲ ਕੀਤਾ ਹੈ, ਕਿਉਂਕਿ ਹੋ ਸਕਦਾ ਹੈ ਕਿ ਲੁਟੇਰਿਆਂ ਨੂੰ ਉਸ ਨੇ ਪਛਾਣ ਲਿਆ ਹੋਵੇ ਜਿਸ ਤੋਂ ਬਾਅਦ ਲੁਟੇਰੇ ਕਤਲ ਕਰ ਕੇ ਫਰਾਰ ਹੋ ਗਏ ਹੋਣ।

ਡੀ ਐਸ ਪੀ ਲਲਿਤ ਕੁਮਾਰ ਨੇ ਦੱਸਿਆ ਕਿ ਘਟਨਾ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਆਸਪਾਸ ਦੇ ਸੀ ਸੀ ਟੀ ਵੀ ਕੈਮਰਿਆਂ ਨੂੰ ਜਾਂਚਿਆ ਜਾ ਰਿਹਾ ਹੈ। ਨਰਿੰਦਰ ਕੁਮਾਰ ਦੇ ਬਿਆਨਾਂ ਉੱਤੇ ਅਣਪਛਾਤੇ ਕਾਤਲਾਂ ਵਿਰੁੱਧ ਬਣਦੀਆਂ ਧਾਰਾਵਾਂ ਹੇਠ ਕਤਲ ਦਾ ਕੇਸ ਦਰਜ ਕਰ ਦਿੱਤਾ ਗਿਆ ਹੈ।

ਇਲੈਕਟ੍ਰਾਨਿਕ ਸਟੋਰ ਵਿੱਚ ਅੱਗ ਕਾਰਨ ਲੱਖਾਂ ਦਾ ਨੁਕਸਾਨ

ਭੋਗਪੁਰ, 24 ਅਗਸਤ (ਪੋਸਟ ਬਿਊਰੋ)- ਭੋਗਪੁਰ ਸ਼ਹਿਰ ਵਿੱਚ ਸ਼ਾਮ ਦੇ ਸਮੇਂ ਇੱਕ ਇਲੈਕਟ੍ਰਾਨਿਕ ਸਟੋਰ ਨੂੰ ਅੱਗ ਲੱਗਣ ਦੇ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ। ਮੇਨ ਬਾਜ਼ਾਰ ਵਿੱਚ ਰਵਿੰਦਰਾ ਇੰਟਰਪ੍ਰਾਈਜਿਜ਼ ਨਾਮੀ ਇਲੈਕਟ੍ਰਾਨਿਕ ਦੀ ਦੁਕਾਨ ਵਿੱਚ ਕੱਲ੍ਹ ਸ਼ਾਮ ਅਚਾਨਕ ਅੱਗ ਲੱਗ ਗਈ। ਬਾਜ਼ਾਰ ਵਿੱਚੋਂ ਲੰਘਦੀਆਂ ਕੁਝ ਔਰਤਾਂ ਨੇ ਦੁਕਾਨ ਦੇ ਸ਼ੱਟਰ ਹੇਠੋਂ ਅਚਾਨਕ ਅੱਗ ਦੀਆਂ ਲਪਟਾਂ ਨਿਕਲਦੀਆਂ ਦੇਖ ਕੇ ਨਾਲ ਲੱਗਦੀ ਦੁਕਾਨ ਦੇ ਮਾਲਕ ਨੂੰ ਦੱਸਿਆ। ਘਟਨਾ ਸਬੰਧੀ ਸੂਚਿਤ ਕਰਨ ’ਤੇ ਦੁਕਾਨ ਮਾਲਕ ਅਤੇ ਸ਼ਹਿਰੀਆਂ ਨੇ ਦੁਕਾਨ ਦਾ ਸ਼ੱਟਰ ਖੋਲ੍ਹਿਆ ਤਾਂ ਅੰਦਰੋਂ ਅੱਗ ਦੀ ਲਪਟਾਂ ਉਠ ਰਹੀਆਂ ਸਨ।ਅੱਗ ਨੂੰ ਬੁਝਾਉਣ ਤਕ ਦੁਕਾਨ ਅੰਦਰ ਪਿਆ ਇਲੈਕਟ੍ਰਾਨਿਕ ਦਾ ਸਾਮਾਨ ਸੜ ਚੁੱਕਾ ਸੀ। ਜਾਣਕਾਰੀ ਮੁਤਾਬਿਕ ਅੱਗ ਸ਼ਾਰਟ ਸ਼ਰਕਟ ਕਾਰਣ ਲੱਗੀ।

ਸੁਰੱਖਿਆ ਉਲੰਘ ਲਾ ਕੇ ਅੰਮ੍ਰਿਤਸਰ ਹਵਾਈ ਅੱਡੇ ਅੰਦਰ ਨੌਜਵਾਨ ਜਾ ਵੜਿਆ

ਰਾਜਾਸਾਂਸੀ, 24 ਅਗਸਤ (ਪੋਸਟ ਬਿਊਰੋ)- ਸੁਰੱਖਿਆ ਫੋਰਸ ਸੀ ਆਈ ਐਸ ਐਫ ਦੇ ਭਾਰੀ ਸੁਰੱਖਿਆ ਪ੍ਰਬੰਧਾਂ ਹੇਠਾਂ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਵਿਖੇ ਇੱਕ ਨੌਜਵਾਨ ਵੱਲੋਂ ਜਾਅਲੀ ਟਿਕਟ ਰਾਹੀਂ ਹਵਾਈ ਅੱਡੇ ਦੇ ਅੰਦਰ ਦਾਖ਼ਲ ਹੋ ਗਿਆ, ਜਦੋਂ ਕਿ ਏਅਰ ਇੰਡੀਆ ਦੀ ਇੱਕ ਮਹਿਲਾ ਕਰਮਚਾਰੀ ਵੱਲੋਂ ਜਾਅਲੀ ਟਿਕਟ ਬਣਾ ਕੇ ਨੌਜਵਾਨ ਨੂੰ ਹਵਾਈ ਅੱਡੇ ਦੇ ਅੰਦਰ ਦਾਖ਼ਲ ਹੋਣ ਲਈ ਮਦਦ ਕੀਤੀ ਗਈ।

ਮਿਲੀ ਜਾਣਕਾਰੀ ਅਨੁਸਾਰ ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਦੇ ਭਲਾ ਪਿੰਡ ਦੀ ਅਮਨਦੀਪ ਕੌਰ, ਜੋ ਏਅਰ ਇੰਡੀਆ ਵੱਲੋਂ ਹਵਾਈ ਅੱਡੇ ਉੱਤੇ ਡਿਊਟੀ ਕਰਦੀ ਹੈ, ਨੇ ਅਜਨ-ਾਲਾ ਤਹਿਸੀਲ ਦੇ ਪਿੰਡ ਗੱਗੋਮਾਹਲ ਦੇ ਇੱਕ ਨੌਜਵਾਨ ਜਗਪ੍ਰੀਤ ਸਿੰਘ ਦੀ ਜਾਅਲੀ ਟਿਕਟ ਬਣਾ ਕੇ ਹਵਾਈ ਅੱਡੇ ਵਿੱਚ ਭਿਜਵਾ ਦਿੱਤਾ। ਜਦੋਂ ਇਸ ਦੀ ਭਿਣਕ ਸੀ ਆਈ ਐਸ ਐਫ ਦੇ ਸੁਰੱਖਿਆ ਜਵਾਨਾਂ ਨੂੰ ਲੱਗੀ ਤਾਂ ਉਹ ਹੈਰਾਨ ਰਹਿ ਗਏ। ਪਤਾ ਲੱਗਾ ਹੈ ਕਿ ਜਗਪ੍ਰੀਤ ਸਿੰਘ ਕਿਸੇ ਰਿਸ਼ਤੇਦਾਰ ਨੂੰ ਹਵਾਈ ਅੱਡੇ ਦੇ ਯਾਤਰੀ ਹਾਲ ਦੇ ਅੰਦਰ ਲੱਗੇ ਕਾਊਂਟਰਾਂ ਤਕ ਛੱਡਣ ਜਾਣਾ ਚਾਹੁੰਦਾ ਸੀ, ਇਸ ਲਈ ਅਮਨਦੀਪ ਕੌਰ ਨੇ ਉਸਦੀ ਮਦਦ ਕਰਦਿਆਂ ਜਾਅਲੀ ਟਿਕਟ ਬਣਾ ਕੇ ਜਗਪ੍ਰੀਤ ਸਿੰਘ ਦੇ ਹੱਥ ਦੇ ਦਿੱਤਾ। ਸੁਰੱਖਿਆ ਅਧਿਕਾਰੀਆਂ ਵੱਲੋਂ ਕਾਬੂ ਕੀਤੇ ਨੌਜਵਾਨ ਨੂੰ ਪੁਲਸ ਥਾਣਾ ਏਅਰਪੋਰਟ ਦੇ ਹਵਾਲੇ ਕਰ ਦਿੱਤਾ ਗਿਆ ਹੈ, ਜਿੱਥੇ ਕਿ ਪੁਲਸ ਵੱਲੋਂ ਨੌਜਵਾਨ ਤੇ ਮਹਿਲਾ ਕਰਮਚਾਰੀ ਉੱਤੇ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

ਸੰਪਰਕ: 416-816-1695

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

ਨੈਨੀ ਦੀ ਲੋੜ

ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।

ਸੰਪਰਕ ਕਰੋ:

416556 6884

ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਸੰਪਰਕ: 647-205-5909, 416-618-3358

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

ਕੌਮੀ ਝੰਡੇ ਦੇ ਉਤੇ ਭਾਜਪਾ ਦਾ ਝੰਡਾ ਚੜ੍ਹਾਉਣ ਤੋਂ ਵਿਵਾਦ ਭਖਿਆ

ਲਖਨਊ, 24 ਅਗਸਤ (ਪੋਸਟ ਬਿਊਰੋ)- ਕੱਲ੍ਹ ਉਤਰ ਪ੍ਰਦੇਸ਼ ਦੇ ਸਾਬਕਾ ਮੱਖ ਮੰਤਰੀ ਕਲਿਆਣ ਸਿੰਘ ਦੀ ਦੇਹ ਉੱਤੇ ਚੜ੍ਹਾਏ ਗਏ ਕੌਮੀ ਝੰਡੇ ਦੇ ਉਪਰ ਭਾਰਤੀ ਜਨਤਾ ਪਾਰਟੀ ਦਾ ਝੰਡਾ ਚੜ੍ਹਾਉਣ ਦੀ ਫੋਟੋ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਣ ਮਗਰੋਂ ਸਿਆਸੀ ਵਿਵਾਦ ਭਖ ਗਿਆ ਹੈ। ਇਹ ਫੋਟੋ ਭਾਜਪਾ ਨੇ ਟਵੀਟ ਕੀਤੀ ਹੈ ਜਿਸ ਵਿੱਚ ਕਲਿਆਣ ਸਿੰਘ ਦੀ ਦੇਹ ਤਿਰੰਗੇ ਝੰਡੇ ਨਾਲ ਲਿਪਟੀ ਦਿਖਾਈ ਦੇਂਦੀ ਹੈ, ਪਰ ਤਿਰੰਗੇ ਦਾ ਅੱਧਾ ਹਿੱਸਾ ਭਾਜਪਾ ਦੇ ਪਾਰਟੀ ਝੰਡੇ ਨਾਲ ਢਕਿਆ ਹੈ। ਇਹ ਝੰਡਾ ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ ਨੇ ਚੜ੍ਹਾਇਆ ਸੀ।

ਸਮਾਜਵਾਦੀ ਪਾਰਟੀ ਦੇ ਬੁਲਾਰੇ ਘਣਸ਼ਿਆਮ ਤਿਵਾੜੀ ਨੇ ਇਸ ਬਾਰੇ ਭਾਜਪਾ ਦੀ ਆਲੋਚਨਾ ਕੀਤੀ ਅਤੇ ਉਨ੍ਹਾਂ ਟਵੀਟ ਕੀਤਾ, ''ਪਾਰਟੀ ਦੇਸ਼ ਤੋਂ ਉਪਰ। ਪਾਰਟੀ ਦਾ ਝੰਡਾ ਤਿਰੰਗੇ ਤੋਂ ਉਪਰ। ਹਮੇਸ਼ਾਂ ਦੀ ਤਰ੍ਹਾਂ ਭਾਜਪਾ ਨੂੰ ਨਾ ਕੋਈ ਪਛਤਾਵਾ, ਨਾ ਦੁੱਖ।'' ਯੂਥ ਕਾਂਗਰਸ ਦੇ ਮੁਖੀ ਸ਼੍ਰੀਨਿਵਾਸ ਬਾਬੀ ਨੇ ਟਵੀਟ ਕੀਤਾ, ''ਨਵੇਂ ਭਾਰਤ ਵਿੱਚ ਪਾਰਟੀ ਦਾ ਝੰਡਾ ਭਾਰਤ ਦੇ ਕੌਮੀ ਝੰਡੇ ਤੋਂ ਉਪਰ ਹੋਣਾ ਠੀਕ ਹੈ?'' ਯੂਥ ਕਾਂਗਰਸ ਦੇ ਅਧਿਕਾਰਤ ਹੈਂਡਲ ਉੱਤੇ ਲਿਖਿਆ ਹੈ, ''ਤਿਰੰਗੇ ਦੇ ਉਪਰ ਭਾਜਪਾ ਦਾ ਝੰਡਾ! ਆਪੂੰ ਬਣੇ ਦੇਸ਼ ਭਗਤ ਤਿਰੰਗੇ ਦਾ ਸਨਮਾਨ ਕਰਦੇ ਹਨ ਜਾਂ ਅਪਮਾਨ?''

ਕਿਸਾਨ ਅੰਦੋਲਨ ਕਾਰਨ ਜਾਮ ਸੜਕਾਂ ਖੋਲ੍ਹਣ ਦਾ ਹੱਲ ਕੇਂਦਰ ਤੇ ਰਾਜਾਂ ਨੂੰ ਲੱਭਣਾ ਪਵੇਗਾ: ਸੁਪਰੀਮ ਕੋਰਟ

ਨਵੀਂ ਦਿੱਲੀ, 24 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਕਰਦੇ ਕਿਸਾਨਾਂ ਵੱਲੋਂ ਦਿੱਲੀ ਦੀਆਂ ਬਰੂਹਾਂ ਉੱਤੇ ਸੜਕਾਂ ਜਾਮ ਕੀਤੇ ਜਾਣ ਦੇ ਕੇਸ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਕੇਂਦਰ, ਹਰਿਆਣਾ ਅਤੇ ਯੂ ਪੀ ਦੀਆਂ ਸਰਕਾਰਾਂ ਦੀ ਖਿਚਾਈ ਕੀਤੀ ਹੈ।

ਜਸਟਿਸ ਐਸ ਕੇ ਕੌਲ ਦੀ ਅਗਵਾਈ ਹੇਠਲੇ ਬੈਂਚ ਨੇ ਤਿੰਨੋਂ ਸਰਕਾਰਾਂ ਨੂੰ ਕਿਹਾ ਕਿ ਉਹ ਕਿਸਾਨਾਂ ਦੇ ਅੰਦੋਲਨ ਦੇ ਹੱਕ ਦਾ ਧਿਆਨ ਰੱਖਦਿਆਂ ਮਸਲੇ ਦਾ ਹੱਲ ਕੱਢਣ। ਬੈਂਚ ਨੇ ਕੇਂਦਰ ਸਰਕਾਰ ਵੱਲੋਂ ਆਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ, ''ਇਹ ਕੀ ਚੱਲ ਰਿਹਾ ਹੈ ਮਿਸਟਰ ਮਹਿਤਾ। ਤੁਸੀਂ ਇਸ ਦਾ ਹੱਲ ਕਿਉਂ ਨਹੀਂ ਕੱਢ ਸਕਦੇ? ਤੁਹਾਨੂੰ ਹੱਲ ਕੱਢਣਾ ਪਵੇਗਾ। ਉਨ੍ਹਾਂ (ਕਿਸਾਨਾਂ) ਨੂੰ ਪ੍ਰਦਰਸ਼ਨ ਕਰਨ ਦਾ ਹੱਕ ਹੈ, ਪਰ ਤੈਅ ਕੀਤੀ ਥਾਂ ਉੱਤੇ ਹੋਣਾ ਚਾਹੀਦਾ ਹੈ। ਆਵਾਜਾਈ ਨੂੰ ਰੋਕਿਆ ਨਹੀਂ ਜਾ ਸਕਦਾ। ਇਸ ਨਾਲ ਹੋਰ ਲੋਕਾਂ ਨੂੰ ਭਾਰੀ ਦਿੱਕਤ ਹੁੰਦੀ ਹੈ। ਜੇ ਪ੍ਰਦਰਸ਼ਨ ਚੱਲ ਰਿਹਾ ਹੈ ਤਾਂ ਟਰੈਫਿਕ ਰੋਕਿਆ ਨਹੀਂ ਜਾਣਾ ਚਾਹੀਦਾ ਹੈ ਅਤੇ ਲੋਕਾਂ ਦੀ ਆਵਾਜਾਈ ਵਿੱਚ ਅੜਿੱਕਾ ਨਹੀਂ ਪੈਣਾ ਚਾਹੀਦਾ।''

ਬੈਂਚ ਨੇ ਕਿਹਾ ਕਿ ਇਸ ਨਾਲ ਟੋਲ ਵਸੂਲੀ ਉੱਤੇ ਵੀ ਅਸਰ ਪਵੇਗਾ ਕਿਉਂਕਿ ਇਨ੍ਹਾਂ ਮਾਰਗਾਂ ਉੱਤੇ ਆਵਾਜਾਈ ਠੱਪ ਰਹਿਣ ਕਰ ਕੇ ਰਸਤੇ ਬੰਦ ਹਨ। ਉਨ੍ਹਾਂ ਕਿਹਾ ਕਿ ਮਸਲੇ ਦਾ ਹੱਲ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਹੱਥ ਹੈ। ਇਸ ਉੱਤੇ ਤੁਸ਼ਾਰ ਮਹਿਤਾ ਨੇ ਕਿਹਾ ਕਿ ਜੇ ਬੈਂਚ ਹੁਕਮ ਜਾਰੀ ਕਰਦੀ ਹੈ ਤਾਂ ਦੋ ਕਿਸਾਨ ਜਥੇਬੰਦੀਆਂ ਨੂੰ ਧਿਰ ਬਣਾਇਆ ਜਾਵੇ ਅਤੇ ਉਹ ਉਨ੍ਹਾਂ ਦੇ ਨਾਂਅ ਦੇ ਸਕਦੇ ਹਨ। ਬੈਂਚ ਨੇ ਕਿਹਾ ਕਿ ਫਿਰ ਕੱਲ੍ਹ ਦੋ ਹੋਰ ਜਥੇਬੰਦੀਆਂ ਆ ਜਾਣਗੀਆਂ ਅਤੇ ਆਖਣਗੀਆਂ ਕਿ ਉਹ ਕਿਸਾਨਾਂ ਦੀ ਨੁਮਾਇੰਦਗੀ ਕਰਦੀਆਂ ਹਨ ਅਤੇ ਇਹ ਸਿਲਸਿਲਾ ਚੱਲਦਾ ਰਹੇਗਾ। ਯੂ ਪੀ ਸਰਕਾਰ ਦੇ ਐਫੀਡੇਵਿਟ ਦੇ ਜਵਾਬ ਵਿੱਚ ਬੈਂਚ ਨੇ ਉਕਤ ਟਿੱਪਣੀਆਂ ਕੀਤੀਆਂ। ਇਸ ਕੇਸ ਵਿੱਚ 20 ਸਤੰਬਰ ਨੂੰ ਅੱਗੇ ਸੁਣਵਾਈ ਹੋਵਗੀ। ਸੁਪਰੀਮ ਕੋਰਟ ਇੱਕ ਪਟੀਸ਼ਨ ਉੱਤੇ ਸੁਣਵਾਈ ਕਰ ਰਹੀ ਸੀ। ਉਨ੍ਹਾਂ ਮੰਗ ਕੀਤੀ ਸੀ ਕਿ ਨੋਇਡਾ ਅਤੇ ਦਿੱਲੀ ਵਿਚਕਾਰ ਸੜਕਾਂ ਨੂੰ ਖਾਲੀ ਕਰਵਾਇਆ ਜਾਵੇ ਤਾਂ ਜੋ ਆਵਾਜਾਈ ਉੱਤੇ ਅਸਰ ਨਾ ਪਵੇ।

ਆਪਣੀ ਅਰਜ਼ੀ ਵਿੱਚ ਮੋਨਿਕਾ ਨੇ ਕਿਹਾ ਸੀ ਕਿ ਉਸ ਨੂੰ ਆਪਣੀ ਨੌਕਰੀ ਕਾਰਨ ਦਿੱਲੀ ਤੋਂ ਨੋਇਡਾ ਜਾਣਾ ਪੈਂਦਾ ਹੈ ਅਤੇ ਵੀਹ ਮਿੰਟਾਂ ਦਾ ਸਫਰ ਦੋ ਘੰਟਿਆਂ ਵਿੱਚ ਹੁੰਦਾ ਹੈ। ਸੁਪਰੀਮ ਕੋਰਟ ਨੇ ਅਰਜ਼ੀ ਦੇ ਆਧਾਰ ਉੱਤੇ ਹਰਿਆਣਾ ਅਤੇ ਯੂ ਪੀ ਸਰਕਾਰਾਂ ਨੂੰ ਨੋਟਿਸ ਭੇਜੇ ਸਨ। ਦਿੱਲੀ ਸਰਕਾਰ ਤੇ ਪੁਲਸ ਨੂੰ ਵੀ ਇਸ ਵਿੱਚ ਧਿਰ ਬਣਾਇਆ ਹੈ। ਯੂ ਪੀ ਸਰਕਾਰ ਨੇ ਕੱਲ੍ਹ ਆਪਣੇ ਐਫੀਡੇਵਿਟ ਵਿੱਚ ਕਿਹਾ, ''ਕਿਸਾਨਾਂ ਨੂੰ ਇਹ ਮਨਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸੜਕਾਂ ਜਾਮ ਕਰਨ ਦੀ ਕਾਰਵਾਈ ਗੈਰ ਕਾਨੂੰਨੀ ਹੈ। ਪ੍ਰਦਰਸ਼ਨਕਾਰੀਆਂ ਨੂੰ ਹਟਾਉਣਾ ਮੁਸ਼ਕਲ ਹੈ ਕਿਉਂਕਿ ਉਨ੍ਹਾਂ ਵਿੱਚ ਜ਼ਿਆਦਾਤਰ ਕਿਸਾਨ ਬਜ਼ੁਰਗ ਹਨ।'' ਐਫੀਡੇਵਿਟ ਵਿੱਚ ਯੂ ਪੀ ਸਰਕਾਰ ਨੇ ਕਿਹਾ ਕਿ ਕੌਮੀ ਰਾਜ ਮਾਰਗ-23 ਠੱਪ ਰਹਿਣ ਕਾਰਨ ਗਾਜ਼ੀਆਬਾਦ ਅਤੇ ਮਹਾਰਾਜਪੁਰ ਤੇ ਹਿੰਡਨ ਸੜਕਾਂ ਰਾਹੀਂ ਦਿੱਲੀ ਵਿਚਕਾਰ ਸੁਚਾਰੂ ਆਵਾਜਾਈ ਲਈ ਦੂਜੇ ਰਾਹਾਂ ਉੱਤੇ ਟਰੈਫਿਕ ਬਦਲਿਆ ਗਿਆ ਹੈ। ਯੂ ਪੀ ਸਰਕਾਰ ਨੇ ਕਿਹਾ ਕਿ ਦਿੱਲੀ-ਯੂ ਪੀ ਬਾਰਡਰ ਉੱਤੇ ਕਰੀਬ 141 ਤੰਬੂ ਹਨ ਅਤੇ 31 ਲੰਗਰ ਚੱਲਦੇ ਹਨ। ਫਲਾਈਓਵਰ ਉੱਤੇ ਮੰਚ ਬਣਾ ਕੇ ਕਿਸਾਨ ਆਗੂਆਂ ਵੱਲੋਂ ਉਥੋਂ ਭਾਸ਼ਣ ਦਿੱਤੇ ਜਾਂਦੇ ਹਨ। ਉਨ੍ਹਾਂ ਇਲਾਕੇ ਵਿੱਚ 800 ਤੋਂ 1000 ਕਿਸਾਨ ਹੋਣ ਦਾ ਦਾਅਵਾ ਕੀਤਾ ਹੈ, ਪਰ ਇਹ ਵੀ ਕਿਹਾ ਕਿ ਕਿਸਾਨ ਆਗੂਆਂ ਦੇ ਸੱਦੇ ਉੱਤੇ ਕੁਝ ਘੰਟਿਆਂ ਅੰਦਰ ਹੀ 15 ਹਜ਼ਾਰ ਤੋਂ ਜ਼ਿਆਦਾ ਕਿਸਾਨ ਇਕੱਠੇ ਹੋ ਜਾਂਦੇ ਹਨ। ਐਫੀਡੇਵਿਟ ਮੁਤਾਬਕ ਕਿਸਾਨਾਂ ਨੇ ਸੱਤ ਜਨਵਰੀ ਨੂੰ ਪਲਵਲ (ਹਰਿਆਣਾ) ਤੇ 26 ਜਨਵਰੀ ਨੂੰ ਟਰੈਕਟਰ ਮਾਰਚ ਕੱਢੇ ਸਨ ਜਿਸ ਮਗਰੋਂ ਦਿੱਲੀ ਪੁਲਸ ਨੇ ਦਿੱਲੀ ਤੋਂ ਗਾਜ਼ੀਆਬਾਦ ਨੂੰ ਜਾਂਦੇ ਰਾਹ ਉੱਤੇ ਬੈਰੀਕੇਡ ਲਾ ਕੇ ਸੜਕ ਬੰਦ ਕਰ ਦਿੱਤੀ ਸੀ।

ਹਰਿਆਣਾ ਸਰਕਾਰ ਨੇ ਆਪਣੇ ਐਫੀਡੇਵਿਟ ਵਿੱਚ ਸੁਪਰੀਮ ਕੋਰਟ ਨੂੰ ਦੱਸਿਆ ਕਿਕਿਸਾਨਾਂ ਨੇ ਸਿੰਘੂ ਬਾਰਡਰ ਉੱਤੇ ਸ਼ੁਰੂ ਵਿੱਚ ਟਰੈਕਟਰਾਂ, ਟਰਾਲੀਆਂ ਤੇ ਹੋਰ ਵਾਹਨਾਂ ਨਾਲ ਸਾਰੇ ਰਾਹ ਬੰਦ ਕਰ ਦਿੱਤੇ ਸਨ, ਪਰ ਇਸ ਸਮੇਂਦੋਵੇਂ ਪਾਸਿਆਂ ਦਾ ਇੱਕ-ਇੱਕ ਰਾਹ ਖੁੱਲ੍ਹਾ ਹੈ। ਉਨ੍ਹਾਂ ਕਿਹਾ ਕਿ ਸਿੰਘੂ ਤੇ ਟਿਕਰੀ ਬਾਰਡਰਾਂ ਉੱਤੇ ਕਿਸਾਨਾਂ ਨਾਲ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਬੱਚੇ ਹਨ ਅਤੇ ਧੱਕੇ ਨਾਲ ਰਾਹ ਖਾਲੀ ਕਰਵਾਉਣ ਦੀ ਬਜਾਏ ਸਮਝਾ ਕੇ ਰਾਹ ਖੁੱਲ੍ਹਵਾਉਣ ਦੇ ਯਤਨ ਲਗਾਤਾਰ ਜਾਰੀ ਹਨ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਇਹ ਵੱਡਾ ਮੁੱਦਾ ਨਿਆਂਇਕ, ਪ੍ਰਸ਼ਾਸਕੀ ਅਤੇ ਸਿਆਸੀ ਤੌਰ ਉੱਤੇ ਸੁਲਝਾਇਆ ਜਾ ਸਕਦਾ ਹੈ, ਪਰ ਆਮ ਆਦਮੀ ਨੂੰ ਕੋਈ ਦਿੱਕਤ ਨਹੀਂ ਆਉਣੀ ਚਾਹੀਦੀ ਹੈ। ਬੈਂਚ ਨੇ ਕਿਹਾ ਸੀ ਕਿ ਉਹ ਵਾਰ-ਵਾਰ ਆਖ ਰਹੇ ਹਨ ਕਿ ਆਮ ਸੜਕਾਂ ਉੱਤੇ ਜਾਮ ਨਹੀਂ ਲੱਗਣੇ ਚਾਹੀਦੇ ਹਨ।

ਜਾਤ ਆਧਾਰਤ ਜਨਗਣਨਾ ਦਾ ਮਾਮਲਾ

ਨਿਤੀਸ਼ ਦੀ ਅਗਵਾਈ ਵਿੱਚ ਬਿਹਾਰ ਦੇ ਦਸ ਪਾਰਟੀਆਂ ਦੇ ਆਗੂ ਮੋਦੀ ਮੋਦੀ ਨੂੰ ਮਿਲੇ

ਨਵੀਂ ਦਿੱਲੀ, 24 ਅਗਸਤ (ਪੋਸਟ ਬਿਊਰੋ)- ਬਿਹਾਰ ਵਿੱਚ ਸੱਤਾਧਾਰੀ ਅਤੇ ਵਿਰੋਧੀ ਧਿਰ ਦੀਆਂ 10 ਪ੍ਰਮੁੱਖ ਸਿਆਸੀ ਪਾਰਟੀਆਂ ਨੇ ਪਾਰਟੀਬਾਜੀ ਤੋਂ ਉਪਰ ਉਠ ਕੇ ਪੂਰੇ ਦੇਸ਼ ਵਿੱਚ ਜਾਤੀ ਆਧਾਰ ਉੱਤੇ ਜਨਗਣਨਾ ਕਰਾਉਣ ਦੀ ਮੰਗ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਹੈ।

ਕੱਲ੍ਹ ਸੋਮਵਾਰ ਨੂੰ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਸੂਬਾ ਸਰਕਾਰ ਵਿੱਚ ਸ਼ਾਮਲ ਭਾਜਪਾ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਤੇਜੱਸਵੀ ਯਾਦਵ ਦੀ ਅਗਵਾਈ ਵਿੱਚ 10 ਸਿਆਸੀ ਪਾਰਟੀਆਂ ਦੇ ਨੇਤਾਵਾਂ ਨੇ ਸਾਊਥ ਬਲਾਕ ਵਿੱਚ ਪ੍ਰਧਾਨ ਮੰਤਰੀ ਦਫ਼ਤਰ ਵਿੱਚ ਨਰਿੰਦਰ ਮੋਦੀ ਨਾਲ ਮੁਲਾਕਾਤ ਕਰ ਕੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨੇ ਉਨ੍ਹਾਂ ਦੀਆਂ ਮੰਗਾਂ ਤੋਂ ਇਨਕਾਰ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਇਸ ਦਾ ਫ਼ੈਸਲਾ ਪ੍ਰਧਾਨ ਮੰਤਰੀ ਨੇ ਕਰਨਾ ਹੈ।40 ਮਿੰਟ ਤੋਂ ਵੱਧ ਚੱਲੀ ਬੈਠਕ ਤੋਂ ਬਾਅਦ ਮੀਡੀਆ ਨੂੰ ਨਿਤੀਸ਼ ਕੁਮਾਰ ਨੇ ਕਿਹਾ ਕਿ ਬਿਹਾਰ ਦੀਆਂ ਸਭ ਸਿਆਸੀ ਪਾਰਟੀਆਂ ਦੀ ਜਾਤੀ ਆਧਾਰਤ ਜਨਗਣਨਾ ਬਾਰੇ ਇੱਕ ਰਾਏ ਹੈ, ਅਸੀਂ ਸਾਰਿਆਂ ਨੇ ਪ੍ਰਧਾਨ ਮੰਤਰੀ ਤੋਂ ਇਸ ਦੀ ਮੰਗ ਕੀਤੀ ਹੈ। ਰਾਸ਼ਟਰੀ ਜਨਤਾ ਦਲ ਦੇ ਨੇਤਾ ਤੇਜੱਸਵੀ ਯਾਦਵ ਵੀਇਸ ਵਫਦ ਦਾ ਹਿੱਸਾ ਸਨ। ਉਨ੍ਹਾਂ ਕਿਹਾ ਕਿ ਜਾਤੀਆਂ ਨੂੰ ਓ ਬੀ ਸੀ (ਅਦਰ ਬੈਕਵਾਰਡ ਕਲਾਸਿਜ਼) ਵਿੱਚ ਸ਼ਾਮਲ ਕਰਨ ਦਾ ਹੱਕ ਸੂਬਾ ਸਰਕਾਰਾਂ ਨੂੰ ਦਿੱਤਾ ਗਿਆ ਹੈ, ਪਰ ਇਸ ਦਾ ਕੋਈ ਲਾਭ ਨਹੀਂ ਹੋਵੇਗਾ, ਸਾਡੇ ਕੋਲ ਕੋਈ ਅੰਕੜੇ ਨਹੀਂ ਹਨ। ਉਨ੍ਹਾਂ ਕਿਹਾ ਕਿ ਜਾਤੀ ਆਧਾਰਤ ਜਨਗਣਨਾ ਦੇਸ਼ ਹਿੱਤ ਵਿੱਚ ਇਤਿਹਾਸਕ ਕੰਮ ਹੋਵ-ੇਗਾ। ਇੱਕ ਵਾਰ ਅੰਕੜੇ ਆ ਜਾਣਗੇ ਤਾਂ ਸਰਕਾਰਾਂ ਉਸ ਦੇ ਹਿਸਾਬ ਨਾਲ ਭਲਾਈ ਯੋਜਨਾਵਾਂ ਨੂੰ ੀ ਲਾਗੂ ਕਰ ਸਕਣਗੀਆਂ। ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਵਿੱਚ ਜਾਨਵਰਾਂ, ਦਰੱਖਤਾਂ ਤੇ ਪੌਦਿਆਂ ਦੀ ਗਣਨਾ ਹੁੰਦੀ ਹੈ ਤਾਂ ਇਨਸਾਨਾਂ ਦੀ ਕਿਉਂ ਨਹੀਂ। ਉਨ੍ਹਾਂ ਕਿਹਾ ਕਿ ਜੇ ਧਰਮ ਦੇ ਆਧਾਰ ਉੱਤੇ ਜਨਗਣਨਾ ਹੁੰਦੀ ਹੈ ਤਾਂ ਜਾਤੀ ਆਧਾਰ ਉੱਤੇ ਵੀ ਹੋ ਕੇ ਰਹੇਗੀ। ਇਸ ਵਫਦ ਵਿੱਚ ਨਿਤੀਸ਼ ਕੁਮਾਰ ਅਤੇ ਤੇਜੱਸਵੀ ਯਾਦਵ ਤੋਂ ਇਲਾਵਾ ਮੰਤਰੀ ਵਿਜੇ ਕੁਮਾਰ ਚੌਧਰੀ, ਭਾਜਪਾ ਦੇ ਨੇਤਾ ਜਨਕ ਰਾਮ, ਕਾਂਗਰਸ ਨੇਤਾ ਅਜੀਤ ਸ਼ਰਮਾ, ਹਿੰਦੁਸਤਾਨੀ ਆਵਾਮੀ ਮੋਰਚਾ ਦੇ ਜੀਤਨ ਰਾਮ ਮਾਂਝੀ, ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਵਿਧਾਇਕ ਅਜੇ ਕੁਮਾਰ, ਭਾਰਤੀ ਕਮਿਊਨਿਸਟ ਪਾਰਟੀ ਦੇ ਨੇਤਾ ਸੂਰਜਕਾਂਤ ਪਾਸਵਾਨ, ਵੀ ਆਈ ਪੀ ਪਾਰਟੀ ਦੇ ਨੇਤਾ ਮੁਕੇਸ਼, ਆਲ ਇੰਡੀਆ ਮਜਲਿਸ-ਓ-ਇਤੇਹਾਦੁਲ ਮੁਸਲਮੀਨ (ਏ ਆਈ ਐਮ ਆਈ ਐਮ) ਦੇ ਅਖਤਰੂਲ ਇਮਾਮ ਸ਼ਾਮਲ ਸਨ।

ਬ੍ਰਿਟੇਨ ਵਿੱਚ ਕੰਮ ਕਰਨ ਲਈ ਅੱਜਕੱਲ੍ਹ ਕਾਮੇ ਹੀ ਨਹੀਂ ਮਿਲ ਰਹੇ

ਲੰਡਨ, 24 ਅਗਸਤ (ਪੋਸਟ ਬਿਊਰੋ)- ਦੁਨੀਆ ਦੇ ਕਈ ਦੇਸ਼ ਅਜਿਹੇ ਹਨ, ਜਿੱਥੇ ਰੋਜ਼ਗਾਰ ਦੀ ਕਮੀ ਹੈ, ਲੋਕਾਂ ਨੂੰ ਕੰਮ ਨਹੀਂ ਮਿਲਦ, ਪਰ ਬ੍ਰਿਟੇਨ ਵਿੱਚ ਕੋਰੋਨਾ ਅਤੇ ਬ੍ਰੈਗਜ਼ਿਟ ਦੇ ਕਾਰਨ ਕੰਮ ਕਰਨ ਵਾਲੇ ਲੋਕ ਨਹੀਂ ਮਿਲ ਰਹੇ। ਹਾਲਤ ਇਹ ਹੈ ਕਿ ਬ੍ਰਿਟਿਸ਼ ਜੇਲ੍ਹਾਂ ਵਿੱਚ ਬੰਦ ਕੈਦੀਆਂ ਨੂੰ ਰਿਹਾਅ ਕਰ ਕੇ ਕਰਮਚਾਰੀ ਭਰਤੀ ਕੀਤਾ ਜਾ ਰਿਹਾ ਹੈ।

ਅਸਲ ਵਿੱਚ ਬ੍ਰਿਟੇਨ ਵਿੱਚ ਪਿਛਲੇ ਕੁਝ ਹਫਤਿਆਂ ਤੋਂ ਸੁਪਰਮਾਰਕੀਟਾਂ ਖਾਲੀ ਪਈਆਂ ਹਨ, ਕਿਉਂਕਿ ਬ੍ਰੈਗਜ਼ਿਟ ਦੇ ਕਾਰਨ ਐਚ ਜੀ ਵੀ ਡਰਾਈਵਰ, ਫਰੂਟ ਪਿਕਰ ਅਤੇ ਫੈਕਟਰੀ ਕਰਮਚਾਰੀਆਂ ਦੀ ਗਿਣਤੀ ਵਿੱਚ ਭਾਰੀ ਗਿਰਾਵਟ ਆਈ ਹੈ। ਇਸ ਸੰਕਟ ਨੂੰ ਦੂਰ ਕਰਨ ਲਈ ਅਜਿਹੀਆਂ ਕਾਰੋਬਾਰੀ ਸੰਸਥਾਵਾਂ ਇੱਕ ਯੋਜਨਾ ਤਹਿਤ ਕੈਦੀਆਂ ਨੂੰ ਭਰਤੀ ਕਰ ਰਹੀਆਂ ਹਨ। ਯੋਜਨਾ ਦੇ ਤਹਿਤ ਕੰਮ ਲਈ ਕੈਦੀਆਂ ਨੂੰ ਇੱਕ ਦਿਨ ਲਈ ਰਿਹਾਅ ਕੀਤਾ ਜਾਂਦਾ ਹੈ।

ਇੱਕ ਰਿਪੋਰਟ ਮੁਤਾਬਕ ਕਰਮਚਾਰੀਆਂ ਦੀ ਵੱਡੀ ਕਮੀ ਕਾਰਨ ਇੱਥੋਂ ਦੀ ਇੱਕ ਜੇਲ੍ਹ ਕੈਦੀਆਂ ਤੋਂ ਪੂਰੀਖਾਲੀ ਹੋ ਗਈ ਹੈ। ਬ੍ਰਿਟੇਨ ਵਿੱਚ ਅਕਤੂਬਰ 2020 ਅਤੇ ਮਾਰਚ 2021 ਦੌਰਾਨ ਕੈਦੀਆਂ ਨੂੰ 58 ਤੋਂ 752 ਦਿਨਾਂ ਦੀ ਕੰਮ ਬਾਰੇ ਛੁੱਟੀ ਦਿੱਤੀ ਗਈ ਸੀ। ਅੱਗੋਂ ਇਹ ਗਿਣਤੀ ਲਗਾਤਾਰ ਵਧਣ ਦੀ ਆਸ ਹੈ। ਇਸ ਦੇ ਅਨੁਸਾਰ ਕੈਦੀਆਂ ਨੂੰ ਕੰਮ ਦੇ ਸਮੇਂ ਤੋਂ ਪਹਿਲਾਂ ਜੇਲ੍ਹਤੋਂ ਛੱਡਿਆ ਜਾਂਦਾ ਹੈ ਅਤੇ ਕੰਮ ਪੂਰਾ ਕਰਨ ਪਿੱਛੋਂ ਉਨ੍ਹਾਂ ਨੂੰ ਜੇਲ੍ਹ ਵਿੱਚ ਵਾਪਸ ਆਉਣਾ ਪੈਂਦਾ ਹੈ। ਇਸ ਕੰਮ ਲਈ ਉਨ੍ਹਾਂ ਨੂੰ ਭੁਗਤਾਨ ਵੀ ਕੀਤਾ ਜਾਂਦਾ ਹੈ, ਪਰ ਇਹ ਜਵਾਬਦੇਹੀ ਸੰਸਥਾ ਦੀ ਹੁੰਦੀ ਹੈ ਕਿ ਕੈਦੀ ਕਿਤੇ ਫਰਾਰ ਨਾ ਹੋ ਜਾਣ। ਬ੍ਰਿਟੇਨ ਦੇ ਰਿਟੇਲ ਕਨਸਟੋਰੀਅਮ ਦਾ ਕਹਿਣਾ ਹੈ ਕਿ ਕਰੀਬ ਨੱਬੇ ਹਜ਼ਾਰ ਐਚ ਜੀ ਵੀ ਡਰਾਈਵਰਾਂ ਦੀ ਕਮੀ ਹੈ। ਇਸ ਤੋਂ ਸਪਲਾਈ ਚੇਨ ਉੱਤੇ ਬਹੁਤ ਦਬਾਅ ਪੈ ਰਿਹਾ ਹੈ। ਇਸ ਦੇ ਨਾਲ ਸਤੰਬਰ ਵਿੱਚ ਸਕੂਲਾਂ ਦੇ ਦੋਬਾਰਾ ਖੁੱਲ੍ਹਣ ਅਤੇ ਕਰਮਚਾਰੀਆਂ ਦੇ ਫਿਰ ਤੋਂ ਦਫਤਰ ਪਹੁੰਚਣ ਦੇ ਬਾਅਦ ਸਥਿਤੀ ਹੋਰ ਗੰਭੀਰ ਹੋ ਸਕਦੀ ਹੈ।

ਹਰਮਨਪ੍ਰੀਤ, ਗੁਰਜੀਤ ਕੌਰ ਤੇ ਸ੍ਰੀਜੇਸ਼ ਐਫ ਆਈ ਐਚ ਦੇ ਸਾਲਾਨਾ ਐਵਾਰਡਾਂ ਲਈ ਨਾਮਜ਼ਦ

ਲੁਸਾਨੇ, 24 ਅਗਸਤ (ਪੋਸਟ ਬਿਊਰੋ)- ਟੋਕੀਓ ਉਲੰਪਿਕ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਭਾਰਤੀ ਪੁਰਸ਼ ਅਤੇ ਮਹਿਲਾ ਹਾਕੀ ਟੀਮਾਂ ਦੇ ਡ੍ਰੈਗ ਫਲਿੱਕਰ ਹਰਮਨਪ੍ਰੀਤ ਸਿੰਘ ਅਤੇ ਗੁਰਜੀਤ ਕੌਰ ਨੂੰ ਐਫ ਆਈ ਐਚ (ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ) ਦੇ ਸਾਲ ਦੇ ਸਰਬੋਤਮ ਖਿਡਾਰੀ ਐਵਾਰਡਾਂ ਲਈ ਨਾਮਜ਼ਦ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਭਾਰਤੀ ਖਿਡਾਰੀ ਲੱਗਭਗ ਸਾਰੀਆਂ ਸ਼੍ਰੇਣੀਆਂ ਵਿੱਚ ਜਗ੍ਹਾ ਬਣਾਉਣ ਵਿੱਚ ਸਫਲ ਰਹੇ ਹਨ। ਜਿੱਥੇ ਪੀ ਆਰ ਸ੍ਰੀਜੇਸ਼ ਪੁਰਸ਼ ਵਰਗ ਵਿੱਚ ਸਾਲ ਦੇ ਸਰਬੋ-ਤਮ ਗੋਲ ਕੀਪਰ ਬਣਨ ਦੀ ਦੌੜ ਵਿੱਚ ਹਨ, ਉਥੇ ਹੀ ਮਹਿਲਾ ਵਰਗ ਵਿੱਚ ਸਵਿਤਾ ਪੂਨੀਆ ਨੂੰ ਇਸ ਖਿਤਾਬ ਲਈ ਨਾਮਜ਼ਦਗੀ ਮਿਲੀ ਹੈ। ਭਾਰਤੀ ਪੁਰਸ਼ ਵਰਗ ਦੇ ਮੁੱਖ ਕੋਚ ਗ੍ਰਾਹਮ ਰੀਡ ਤੇ ਮਹਿਲਾ ਟੀਮ ਦੀ ਕੋਚ ਸ਼ੋਅਰਜਡ ਮਾਰਿਨ ਐਫ ਆਈ ਐਚ ਵੱਲੋਂ ਸਾਲ ਦੇ ਸਰਬੋਤਮ ਕੋਚ ਲਈ ਨਾਮਜ਼ਦ ਹੋਏ ਹਨ। ਹਰਮਨਪ੍ਰੀਤ ਸਿੰਘ ਨੇ ਟੋਕੀਓ ਵਿੱਚ ਅੱਠ ਮੈਚਾਂ ਵਿੱਚ ਛੇ ਗੋਲ ਕੀਤੇ ਸਨ। ਗੁਰਜੀਤ ਕੌਰ ਨੇ ਕੁਆਰਟਰ ਫਾਈਨਲ ਵਿੱਚ ਆਸਟ੍ਰੇਲੀਆ ਖਿਲਾਫ਼ ਗੋਲ ਕਰਕੇ ਟੀਮ ਨੂੰ 1-0 ਨਾਲ ਜਿੱਤ ਦਿਵਾਈ ਸੀ। ਇਸ ਬਾਰੇ ਐਫ ਆਈ ਐਚ ਨੇ ਕਿਹਾ ਹੈ ਕਿ ਖਿਡਾਰੀ, ਕੋਚ, ਮੀਡੀਆ, ਪ੍ਰਸ਼ੰਸਕ 15 ਸਤੰਬਰ ਤਕ ਖਿਡਾਰੀਆਂ ਲਈ ਵੋਟਿੰਗ ਕਰ ਸਕਦੇ ਹਨ।

ਅਪਰਾਧਕ ਕੇਸ ਭੁਗਤ ਰਹੇ ਹਨ 363 ਐੱਮ ਪੀਜ਼ ਤੇ ਵਿਧਾਇਕ

ਨਵੀਂ ਦਿੱਲੀ, 24 ਅਗਸਤ (ਪੋਸਟ ਬਿਊਰੋ)- ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਮਰਸ (ਏ ਡੀ ਆਰ) ਨੇ ਕਿਹਾ ਹੈ ਕਿ ਭਾਰਤ ਵਿੱਚ 363 ਪਾਰਲੀਮੈਂਟ ਮੈਂਬਰਤੇ ਵਿਧਾਇਕ ਅਪਰਾਧਕ ਕੇਸ ਭੁਗਤ ਰਹੇ ਹਨ ਅਤੇ ਦੋਸ਼ ਸਿੱਧ ਹੋਣ ਉੱਤੇ ਜਨਪ੍ਰਤੀਨਿਧਕਾਨੂੰਨ ਹੇਠ ਉਨ੍ਹਾਂ ਨੂੰ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ। ਕੇਂਦਰ ਅਤੇ ਰਾਜਾਂ ਵਿੱਚ 39 ਮੰਤਰੀਆਂ ਨੇ ਵੀ ਜਨ ਪ੍ਰਤੀਨਿਧੀ ਕਾਨੂੰਨ ਦੀ ਧਾਰਾ ਅੱਠ ਦੇ ਤਹਿਤ ਦਰਜ ਅਪਰਾਧਕ ਕੇਸਾਂ ਦਾ ਐਲਾਨ ਕੀਤਾ ਹੈ। ਕਾਨੂੰਨ ਦੀ ਧਾਰਾ ਅੱਠ ਦੀਆਂ ਉਪ-ਧਾਰਾਵਾਂ (1), (2) ਅਤੇ (3) ਵਿੱਚ ਨਿਯਮ ਹੈ ਕਿ ਇਨ੍ਹਾਂ ਵਿੱਚੋਂ ਕਿਸੇ ਉਪ-ਧਾਰਾ ਵਿਚਲੇ ਅਪਰਾਧ ਲਈ ਦੋਸ਼ੀ ਵਿਅਕਤੀ ਨੂੰ ਦੋਸ਼ਸਿਧੀ ਦੀ ਤਾਰੀਖ ਤੋਂ ਅਯੋਗ ਐਲਾਨ ਕੀਤਾ ਜਾਵੇਗਾ ਤੇ ਉਸ ਦੀ ਰਿਹਾਈ ਦੇ ਬਾਅਦ ਤੋਂ ਛੇ ਸਾਲ ਲਈ ਉਹ ਅਯੋਗ ਰਹੇਗਾ।ਚੋਣਾਂ ਸੁਧਾਰਾਂ ਲਈ ਕੰਮ ਕਰਨ ਵਾਲੇ ਸੰਗਠਨ ਏ ਡੀ ਆਰ ਅਤੇ 'ਨੈਸ਼ਨਲ ਇਲੈਕਸ਼ਨ ਵਾਚ' ਨੇ ਸਾਲ 2019 ਤੋਂ 2021 ਤਕ 542 ਲੋਕਸਭਾ ਮੈਂਬਰਾਂ ਤੇ 1,953 ਵਿਧਾਇਕਾਂ ਦੇ ਐਫੀਡੇਵਿਟਸ ਦਾ ਵਿਸ਼ਲੇਸ਼ਣ ਕੀਤਾ ਹੈ। ਇਸ ਦੇ ਬਾਅਦ ਏ ਡੀ ਆਰ ਨੇ ਕਿਹਾ ਕਿ ਭਾਜਪਾ ਵਿੱਚ ਅਜਿਹੇ ਪਾਰਲੀਮੈਂਟ ਮੈਂਬਰਤੇ ਵਿਧਾਇਕਾਂ ਦੀ ਗਿਣਤੀ ਸਭ ਤੋਂ ਵੱਧ 83 ਹੈ। ਕਾਂਗਰਸ ਵਿੱਚ 47 ਅਤੇ ਤ੍ਰਿਣਮੂਲ ਕਾਂਗਰਸ (ਟੀ ਐਮ ਸੀ) ਵਿੱਚ 25 ਅਜਿਹੇ ਲੋਕਹਨ। ਏ ਡੀ ਆਰ ਦੇ ਮੁਤਾਬਕ 24 ਮੌਜੂਦਾ ਲੋਕਸਭਾ ਮੈਂਬਰਾਂ ਦੇ ਖ਼ਿਲਾਫ਼ ਕੁਲ 43 ਅਪਰਾਧਕ ਕੇਸ ਹਨ ਅਤੇ 111 ਮੌਜੂਦਾ ਵਿਧਾਇਕਾਂ ਦੇ ਖ਼ਿਲਾਫ 315 ਅਪਰਾਧਕ ਕੇਸ 10 ਸਾਲ ਜਾ ਉਸ ਤੋਂ ਵੱਧ ਸਮੇਂ ਤੋਂ ਬਾਕੀ ਹਨ। ਬਿਹਾਰ ਵਿੱਚ 54 ਵਿਧਾਇਕ ਅਜਿਹੇ ਹਨ, ਜੋ ਏਦਾਂ ਦੇ ਗੰਭੀਰ ਅਪਰਾਧਕ ਕੇਸ ਭੁਗਤ ਰਹੇ ਹਨ ਇਸਦੇ ਬਾਅਦ ਕੇਰਲ ਵਿੱਚ ਅਜਿਹੇ 42 ਵਿਧਾਇਕ ਹਨ। ਏ ਡੀ ਆਰ ਨੇ ਆਪਣੀ ਨਵੀਂ ਰਿਪੋਰਟ ਵਿੱਚ ਕਿਹਾ ਕਿ ਚਾਰ ਕੇਂਦਰੀ ਮੰਤਰੀ ਅਤੇ ਰਾਜਾਂ ਵਿੱਚ 35 ਮੰਤਰੀਆਂ ਨੇ ਆਪਣੇ ਖਿਲਾਫ ਅਪਰਾਧਕ ਮਾਮਲਿਆਂ ਦੀ ਸੂਚਨਾ ਦਿੱਤੀ ਹੈ।

BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005

AZ Tractor trailer program
Manual transmission & backup training everyday
We welcome welfare workers & compensation clients

Open Seven Days

Forklift Re-Certification Only $79.00/-

Karnail Singh

416.670.3173 | 905.799.7333
27 Edvac Dr, Brampton, ON L6S 5X8

ਅਫਗਾਨਿਸਤਾਨ ਵਿੱਚ ਮਨੁੱਖੀ ਹਾਲਤ ਸੋਕੇ ਤੇ ਸਰਦੀ ਨਾਲ ਹੋਰ ਭੈੜੀ ਹੋਣ ਦਾ ਖਤਰਾ

ਯੂ ਐੱਨ ਓ, 24 ਅਗਸਤ (ਪੋਸਟ ਬਿਊਰੋ)- ਯੂ ਐੱਨ ਓ ਦੀ ਬੱਚਿਆਂ ਨਾਲ ਸਬੰਧਤ ਏਜੰਸੀ ਯੂਨਿਸੇਫ ਨੇ ਚੇਤਾਵਨੀ ਦਿੱਤੀ ਹੈ ਕਿ ਅਫਗਾਨਿਸਤਾਨ ਵਿੱਚ ਮਨੁੱਖੀ ਹਾਲਤਭਿਆਨਕ ਸੋਕੇ ਤੇ ਸਰਦੀ ਨਾਲਭੈੜੀ ਹੋ ਸਕਦੀ ਹੈ।

ਇਸ ਸੰਬੰਧ ਵਿੱਚ ਯੂਨਿਸੇਫ ਨੇ ਕਿਹਾ ਕਿ ਅਫਗਾਨਿਸਤਾਨ ਵਿੱਚ ਪਹਿਲਾਂ ਹੀ ਇੱਕ ਕਰੋੜ ਬੱਚੇ ਸਹਾਇਤਾ ਉੱਤੇ ਨਿਰਭਰ ਹਨ ਅਤੇ ਇਸ ਸਾਲ ਲੱਗਭਗ 10 ਲੱਖ ਬੱਚਿਆਂ ਦੇ ਜਾਨਲੇਵਾ ਕੁਪੋਸ਼ਣ ਨਾਲ ਗ੍ਰਸਤ ਹੋਣ ਦਾ ਡਰ ਹੈ। ਲੱਗਭਗ 42 ਲੱਖ ਬੱਚੇ ਸਕੂਲ ਛੱਡ ਚੁੱਕੇ ਹਨ, ਜਿਨ੍ਹਾਂ ਵਿੱਚੋਂ 22 ਲੱਖ ਲੜਕੀਆਂ ਹਨ। ਅਫਗਾਨਿਸਤਾਨ ਇੱਕ ਗਰੀਬ ਦੇਸ਼ ਹੈ ਜੋ ਅੰਤਰਰਾਸ਼ਟਰੀ ਮਦਦ ਉੱਤੇ ਨਿਰਭਰ ਹੈ। ਉਥੇ ਇਸ ਸਾਲ ਦੇ ਸ਼ੁਰੂ ਵਿੱਚ ਤਾਲਿਬਾਨ ਦੇ ਕੰਟਰੋਲ ਤੋਂ ਪਹਿਲਾਂ ਵੀ ਇਹੀ ਸਥਿਤੀ ਸੀ। ਯੂਨਿਸੇਫ ਦੀ ਡਾਇਰੈਕਟਰ ਹੇਨਰਿਟਾ ਫੋਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਇੱਕ ਚਿੰਤਾਜਨਕ ਸੱਚ ਹੈ, ਜਿਸ ਦਾ ਅਫਗਾਨ ਬੱਚੇ ਸਾਹਮਣਾ ਕਰ ਰਹੇ ਹਨ ਤੇ ਮੌਜੂਦਾ ਰਾਜਨੀਤਿਕ ਘਟਨਾਕ੍ਰਮ ਅਤੇ ਸਰਕਾਰ ਵਿੱਚ ਬਦਲਾਅ ਤੋਂ ਪਰੇ, ਇਹ ਹਕੀਕਤ ਅਜਿਹੀ ਹੀ ਰਹੇਗੀ।

ਯੂ ਐਨ ਦੀ ਰਿਪੋਰਟ, ਭਾਰਤ ਅਤੇ ਅਮਰੀਕਾ ਸਮੇਤ ਕਈ ਦੇਸ਼ਾਂ ਵਿੱਚ ਮਹਿੰਗਾਈ ਵਧੀ

ਯੂ ਐਨ, 24 ਅਗਸਤ (ਪੋਸਟ ਬਿਊਰੋ)- ਦੁਨੀਆ ਭਰ ਵਿੱਚ ਵਧਦੀ ਮਹਿੰਗਾਈ ਨੇ ਲੋਕਾਂ ਦੀ ਥਾਲੀ ਦਾ ਸਵਾਦ ਵਿਗਾੜ ਦਿੱਤਾ ਹੈ। ਲੋਕ ਬਚਤ ਲਈ ਰਸੋਈ ਤੇ ਖਾਣ-ਪੀਣ ਦੇ ਸਮਾਨਾਂ ਵਿੱਚ ਕਟੌਤੀ ਕਰਨ ਲੱਗੇ ਹਨ। ਉਨ੍ਹਾ ਦਾ ਮੰਨਣਾ ਹੈ ਕਿ ਆਉਂਦੇ ਦਿਨਾਂ ਵਿੱਚ ਵਧਦੀ ਮਹਿੰਗਾਈ ਵਿੱਚ ਗੁਜ਼ਾਰਾ ਕਰਨਾ ਮੁਸ਼ਕਲ ਹੋ ਜਾਏਗਾ।

ਯੂ ਐਨ ਦੇ ਫੂਡ ਅਤੇ ਐਗਰੀਕਲਚਰ ਆਰਗੇਨਾਈਜ਼ੇਸ਼ਨ ਦੇ ਮੁਤਾਬਕ ਦੁਨੀਆ ਵਿੱਚ ਕੋਰੋਨਾ ਮਹਾਮਾਰੀ ਆਉਣ ਦੇ ਬਾਅਦ ਆਮ ਲੋਕਾਂ ਦੀ ਆਮਦਨ ਤੇਜ਼ੀ ਨਾਲ ਘਟੀ ਹੈ। ਕਈ ਲੋਕ ਬੇਰੋਜ਼ਗਾਰ ਹੋ ਗਏ। ਦਿਨੋਂ-ਦਿਨ ਮਹਿੰਗਾਈ ਵੀ ਵਧੀ। ਇਸ ਦਾ ਅਸਰ ਭਾਰਤ, ਅਮਰੀਕਾ, ਬਰਾਜ਼ੀਲ ਅਤੇ ਨਾਈਜੀਰੀਆ ਸਮੇਤ ਕਈ ਦੇਸ਼ਾਂ ਵਿੱਚ ਦਿਸਣ ਲੱਗਾ ਹੈ। ਜੋ ਲੋਕ ਪਹਿਲਾਂ ਹਰ ਦਿਨ ਦੁੱਧ ਦੇ ਦੋ ਪੈਕੇਟ ਮੰਗਾਉਂਦੇ ਸਨ, ਉਹ ਅੱਜਕੱਲ੍ਹ ਸਿਰਫ ਇੱਕ ਪੈਕੇਟ ਮੰਗਵਾ ਰਹੇ ਹਨ। ਇੰਨਾ ਹੀ ਨਹੀਂ, ਲੋਕਾਂ ਨੇ ਆਪਣੇ ਪਾਲਤੂ ਜਾਨਵਰਾਂ ਦੇ ਖਾਣ ਵਿੱਚ ਵੀ ਕਟੌਤੀ ਕਰ ਦਿੱਤੀ ਹੈ।

ਉੜੀਸਾ ਦੇ ਤਾਲਚੇਰ ਵਿੱਚ ਰਹਿਣ ਵਾਲੇ 53 ਸਾਲਾ ਬਿਜੈ ਕੁਮਾਰ ਨਾਇਕ ਕਰਿਆਨੇ ਦੀ ਦੁਕਾਨ ਚਲਾਉਂਦੇ ਹਨ। ਉਹ ਦੱਸਦੇ ਹਨ ਕਿ ਉਹ ਆਪਣੇ ਬੱਚਿਆਂ ਨੂੰ ਸੌਣ ਤੋਂ ਪਹਿਲਾਂ ਕਰੀਬ ਅੱਧਾ ਲੀਟਰ ਦੁੱਧ ਪਿਲਾਉਂਦੇ ਸਨ। ਸਵੇਰੇ ਨਾਸ਼ਤੇ ਵਿੱਚ ਆਂਡੇ ਜਾਂ ਹੋਰ ਡੇਅਰੀ ਪ੍ਰੋਡਕਟ ਦਿੰਦੇ ਸਨ। ਇਸ ਦੇ ਨਾਲ ਸੜਕ ਉੱਤੇ ਘੁੰਮਣ ਵਾਲੇ ਅਵਾਰਾ ਕੁੱਤਿਆਂ ਨੂੰ ਕਰੀਬ ਤੀਹ ਤੋਂ ਚਾਲੀ ਰੁਪਏ ਦੇ ਬਿਸਕੁਟ ਖੁਆਉਂਦੇ ਸਨ, ਪਰ ਜੁਲਾਈ ਦੇ ਬਾਅਦ ਉਨ੍ਹਾਂ ਨੇ ਇਹ ਸਭ ਬੰਦ ਕਰ ਦਿੱਤਾ ਹੈ।

ਅਅਮਰੀਕਾ ਦੇ ਕੋਲੰਬੀਆ ਵਿੱਚ ਰਹਿੰਦੀ ਲਿਸ ਬਰਨੇਲ ਦੱਸਦੀ ਹੈ ਕਿ ਅਜੇ ਤਕ ਉਹ ਹਰ ਹਫਤੇ ਮਾਸ ਤੇ ਡੇਅਰੀ ਪ੍ਰੋਡਕਟਾਂ ਉਪਰ ਕਰੀਬ 200 ਡਾਲਰ ਖਰਚ ਕਰਦੀ ਸੀ, ਪਰ ਮਹਿੰਗਾਈ ਵਧਣ ਪਿੱਛੋਂ ਉਸ ਨੇ ਇਹ ਖਰਚ ਲਗਭਗ ਅੱਧਾ ਕਰ ਦਿੱਤਾ ਹੈ। ਇੰਨਾ ਹੀ ਨਹੀਂ ਘਰ ਦਾ ਜ਼ਿਆਦਾਤਰ ਸਾਮਾਨ ਥੋਕ ਬਾਜ਼ਾਰ ਤੋਂ ਲਿਆਉਂਦੀ ਹੈ।ਕੋਰੋਨਾ ਮਹਾਮਾਰੀ ਦੇ ਦੌਰਾਨ ਦੇਸ਼ ਵਿੱਚ ਪੈਟਰੋਲ ਦੀਆਂ ਕੀਮਤਾਂ ਤੇਜ਼ੀ ਨਾਲ ਵਧੀਆਂ ਹਨ। ਇਸ ਕਾਰਨ ਟਰਾਂਸਪੋਰਟ ਖਰਚ ਵਿੱਚ ਬੇਤਹਾਸ਼ਾ ਵਾਧਾ ਹੋਇਆ। ਇਸ ਦਾ ਅਸਰ ਸਿੱਧੇ ਤੌਰ ਉੱਤੇ ਖਾਣ-ਪੀਣ ਦੀਆਂ ਚੀਜ਼ਾਂ ਉੱਤੇ ਪਿਆ। ਪਾਲਤੂ ਅਤੇ ਦੁਧਾਰੂ ਪਸ਼ੂਆਂ ਦੇ ਖਾਣ ਦੀਆਂ ਚੀਜ਼ਾਂ ਵੀ ਮਹਿੰਗੀਆਂ ਹੋਈਆਂ। ਇਸ ਕਾਰਨ ਦੁੱਧ ਸਮੇਤ ਡੇਅਰੀ ਉਤਪਾਦ ਵੀ ਮਹਿੰਗੇ ਹੋ ਗਏ।

WORK MATCH INC.

ਲੈਂਡਸਕੇਪ ਕਾਮਿਆਂ ਦੀ ਲੋੜ

ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ

- ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
- ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
- ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।

ਹੁਣੇ ਅਪਲਾਈ ਕਰੋ: +1(416) 473-9677

info@worksmatch.com
www.worksmatch.com

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866
31 Melanie Dr. Unit #4 Brampton, ON L6T 5H8

CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਵਾਲਮਲ ਸਿਲਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ਼, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

ਬਰੈਂਪਟਨ ਵਿਚ ਬਹੁਤ ਹੀ ਵਧੀਆ 3000-3500 ਸਕੇਅਰ ਫੁੱਟ ਦਾ ਘਰ। 4+2 ਬੈਡਰੂਮ, ਡਬਲ ਸਟੋਰੀ, 5 ਵਾਸ਼ਰੂਮ, ਮੇਨ ਫਲੋਰ ਪੋਟ ਲਾਈਟਸ, ਫੈਮਿਲੀ ਰੂਮ ਵਿਚ ਫਾਇਰਪਲੇਸ, ਵੱਡਾ ਕਿਚਨ ਲਾਰਜ ਆਈਲੈਂਡ ਦੇ ਨਾਲ, ਆਫਿਸ ਨੁੱਕ, ਵੀਡੀਓ ਸਰਵਿਲਾਂਸ, ਵਾਕ ਆਊਟ ਬਾਲਕੋਨੀ, 6 ਕਾਰ ਪਾਰਕਿੰਗ, ਡਬਲ ਗਰਾਜ, ਲੀਗਲ ਬੇਸਮੈਂਟ 2 ਬੈਡਰੂਮਜ਼ ਤੇ ਵਾਸ਼ਰੂਮ ਅਤੇ ਸੈਪਰੇਟ ਇੰਟ੍ਰੈਂਸ ਦੇ ਨਾਲ। ਸਾਰੀਆਂ ਸਹੂਲਤਾਂ ਦੇ ਨੇੜੇ।

ਨਵੀਂ ਤਕਨੀਕ ਨਾਲ ਪੁਲਾੜ ਯਾਤਰੀਆਂ ਦੇ ਰੇਡੀਏਸ਼ਨ ਰਿਸਕ ਦੇ ਬਾਰੇ ਭਵਿੱਖਬਾਣੀ ਹੋ ਸਕੇਗੀ

ਵਾਸ਼ਿੰਗਟਨ, 24 ਅਗਸਤ (ਪੋਸਟ ਬਿਊਰੋ)- ਨਾਸਾ ਦੇ ਵਿਗਿਆਨੀਆਂ ਨੇ ਅਜਿਹੀ ਤਕਨੀਕ ਬਣਾਈ ਹੈ, ਜੋ ਭਵਿੱਖ ਦੇ ਜਾਂਚ ਮਿਸ਼ਨਾਂ ਦੌਰਾਨ ਪੁਲਾੜ ਯਾਤਰੀਆਂ ਦੇ ਰੇਡੀਏਸ਼ਨ ਰਿਸਕ ਦਾ ਅਨੁਮਾਨ ਲਾਉਣ ਵਿੱਚ ਮਦਦ ਕਰੇਗੀ।

ਖੋਜਕਾਰਾਂ ਨੇ ਮਿਸ਼ਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਰੇਡੀਏਸ਼ਨ ਅਤੇ ਹੋਰ ਲੱਛਣਾਂ ਤੋਂ ਕ੍ਰੋਮੋਜ਼ੋਮ ਪਰਿਵਰਤਨ ਦੇ ਪੱਧਰ ਨੂੰ ਮਾਪਣ ਲਈ 43 ਪੁਲਾੜ ਸਟੇਸ਼ਨ ਚਾਲਕ ਦਲ ਦੇ ਮੈਂਬਰਾਂ ਦੇ ਡੀ ਐਨ ਏ ਦੇ ਲੇਸਟ ਦਾ ਸਰਵੇ ਕੀਤਾ ਹੈ ਅਤੇ ਇਸ ਦੌਰਾਨ ਸਰਵੇ ਤੋਂ ਪਤਾ ਲੱਗਾ ਹੈ ਕਿ ਧਰਤੀ ਉੱਤੇ ਰੇਡੀਏਸ਼ਨ ਦੇ ਸੰਪਰਕ ਵਿੱਚ ਇੱਕ ਪੁਲਾੜ ਯਾਤਰੀ ਦੇ ਡੀ ਐਨ ਏ ਦੀ ਸੰਵੇਦਨਸ਼ੀਲਤਾ ਉਨ੍ਹਾਂ ਦੇ ਕ੍ਰੋਮੋਜ਼ੋਮ ਵਿੱਚ ਪਰਿਵਰਤਨ ਨੂੰ ਮਾਪ ਕੇ ਪੁਲਾੜ ਯਾਨ ਦੌਰਾਨ ਉਨ੍ਹਾਂ ਦੇ ਡੀ ਐਨ ਏ ਦੀ ਪ੍ਰਤੀਕਿਰਿਆ ਦਾ ਅਨੁਮਾਨ ਲਾ ਸਕਦੀ ਹੈ। ਪੁਰਾਣੇ ਕਰੂਅ ਮੈਂਬਰਾਂ ਵਿੱਚ ਬੇਸਲਾਈਨ ਕ੍ਰੋਮੋਸੋਮਲ ਅਣਗਹਿਲੀਆਂ ਦੇ ਉਚ ਪੱਧਰ 'ਤੇ ਸਨ ਅਤੇ ਪੁਰਾਣੇ ਪੁਲਾੜ ਯਾਤਰੀਆਂ ਦੀਆਂ ਖ਼ੂਨ ਨਾੜੀਆਂ ਯੁਵਾ ਕਰੂਅ ਮੈਂਬਰਾਂ ਦੇ ਮੁਕਾਬਲੇ ਵਿੱਚ ਕ੍ਰੋਮੋਸੋਮਲ ਪਰਿਵਰਤਨ ਲਈ ਵੱਧ ਸੰਵੇਦਨਸ਼ੀਲ ਲੱਗੀਆਂ। ਜਰਨਲ ਸਾਇੰਟਫਿਕ ਰਿਪੋਰਟ ਵਿੱਚ ਛਪੇ ਨਤੀਜਿਆਂ ਨੇ ਸੰਕੇਤ ਦਿੱਤਾ ਹੈ ਕਿ ਉਚ ਅੰਡਰਲਾਇੰਗ ਸੰਵੇਦਨਸ਼ੀਲਤਾ ਵਾਲੇ ਚਾਲਕ ਦਲ ਦੇ ਮੈਂਬਰਾਂ ਜਿਵੇਂ ਕਿ ਜ਼ਮੀਨ ਉੱਤੇ ਗਾਮਾ ਕਿਰਨਾਂ ਦੁਆਰਾ ਤੈਅ ਕੀਤਾ ਗਿਆ ਸੀ, ਉਨ੍ਹਾਂ ਦੇ ਕ੍ਰੋਮੋਜ਼ੋਮ ਵਿੱਚ ਬਾਅਦ ਦੇ ਖ਼ੂਨ ਦੇ ਨਮੂਨਿਆਂ ਵਿੱਚ ਉਚ ਪੱਧਰੀ ਪਰਿਵਰਤਨ ਦੇਖਿਆ ਗਿਆ। ਇਸ ਦੇ ਇਲਾਵਾ ਜਿਨ੍ਹਾਂ ਵਿਅਕਤੀਆਂ ਵਿੱਚ ਆਪਣੀ ਪਹਿਲੀ ਉਡਾਣ ਦੌਰਾਨ ਡੀ ਐਨ ਏ ਲੇਸਟ ਵਿੱਚ ਉਚੇਰੇ ਢਾਂਚੇ ਵਾਲਾ ਗੁਣਸੂਤਰ ਪਰਿਵਰਤਨ ਦੇਖਿਆ, ਉਹ ਘੱਟ ਪੱਧਰਾਂ ਵਾਲੇ ਪੁਲਾੜ ਯਾਤਰੀਆਂ ਦੇ ਮੁਕਾਬਲੇ ਵਿੱਚ ਜ਼ਿਆਦਾ ਪਰਿਵਰਤਨਸ਼ੀਲ ਤੇ ਸੰਵੇਦਨਸ਼ੀਲ ਸਨ।

ਹਿਊਸਟਨ ਵਿੱਚ ਨਾਸਾ ਦੇ ਜਾਨਸਨ ਸਪੇਸ ਸੈਂਟਰ ਦੇ ਸੀਨੀਅਰ ਵਿਗਿਆਨੀ ਹੋਂਗਲੂ ਵੂ ਨੇ ਇੱਕ ਬਿਆਨ ਵਿੱਚ ਕਿਹਾ ਕਿ ਜੇ ਪੁਰਾਣੇ ਪੁਲਾੜ ਯਾਤਰੀਆਂ ਵਿੱਚ ਅਸਲ ਵਿੱਚ ਰੇਡੀਏਸ਼ਨ ਪ੍ਰਤੀ ਉਚ ਸੰਵੇਦਨਸ਼ੀਲਤਾ ਹੁੰਦੀ ਹੈ ਤਾਂ ਉਨ੍ਹਾਂ ਨੂੰ ਗੁਣਸੂਤਰ ਪਰਿਵਰਤਨ ਦਾ ਵੱਧ ਖਤਰਾ ਹੋ ਸਕਦਾ ਹੈ। ਵੂ ਨੇ ਕਿਹਾ ਕਿ ਗੁਣਸੂਤਰ ਪਰਿਵਰਤਨ ਦਾ ਅਨੁਭਵ ਕਰਨ ਦਾ ਮਤਲਬ ਇਹ ਨਹੀਂ ਹੈ ਕਿ ਕਿਸੇ ਨੂੰ ਕੈਂਸਰ ਹੋ ਜਾਏਗਾ, ਸਵਾਲ ਉਠਦਾ ਹੈ ਕਿ ਕੀ ਉਹ ਇਸ ਦੇ ਜੋਖਮ ਵਿੱਚ ਹਨ।

ਯੁਵਾ ਪੁਲਾੜ ਯਾਤਰੀਆਂ ਨੂੰ ਪੁਰਾਣੇ ਪੁਲਾੜ ਯਾਤਰੀਆਂ ਦੇ ਮੁਕਾ-ਬਲੇ ਵਿੱਚ ਪੁਲਾੜ ਕਿਰਨਾਂ ਦੇ ਜੋਖਿਮ ਦੇ ਫਲਸਰੂਪ ਲੰਬੀ ਸਿਹਤਮੰਦੀ ਲਈ ਵੱਧ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ। ਇਹ ਇਸ ਲਈ ਹੈ ਕਿ ਯੁਵਾ ਪੁਲਾੜ ਯਾਤਰੀਆਂ ਦਾ ਜੀਵਨਕਾਲ ਵੱਧ ਹੁੰਦਾ ਹੈ ਤੇ ਉਹ ਕਿਰਨਾਂ ਦੇ ਸੰਪਰਕ ਵਿੱਚ ਆਉਣ ਤੇ ਕੈਂਸਰ ਵਿਕਸਿਤ ਕਰਨ ਦੇ ਲਈ ਲੰਬੇ ਸਮੇਂ ਤਕ ਜੀਉਂਦੇ ਰਹਿ ਸਕਦੇ ਹਨ, ਕੈਂਸਰ ਹੋਣ ਦੇ ਲਈ ਕਿਰਨਾਂ ਦੇ ਸੰਪਰਕ ਵਿੱਚ ਆਉਣ ਦੇ ਬਾਅਦ ਆਮ ਤੌਰ ਉੱਤੇ ਪੰਜ ਤੋਂ ਵੀਹ ਸਾਲ ਜਾਂ ਉਸ ਤੋਂ ਵੱਧ ਸਮਾਂ ਲੱਗਦਾ ਹੈ। ਵੂ ਨੇ ਕਿਹਾ ਕਿ ਮੰਗਲ ਉੱਤੇ ਜਾਣ ਦੇ ਬਾਰੇ ਸੋਚਦੇ ਸਮੇਂ, ਅਸੀਂ ਆਮ ਤੌਰ ਤੇ ਸੋਚਿਆ ਹੈ ਕਿ ਪੁਰਾਣੇ ਪੁਲਾੜ ਯਾਤਰੀਆਂ ਨੂੰ ਉਨ੍ਹਾਂ ਦੇ ਅਨੁਭਵ ਅਤੇ ਉਨ੍ਹਾਂ ਦੇ ਜੀਵਨਕਾਲ ਵਿੱਚ ਕੈਂਸਰ ਦੇ ਵਿਕਾਸ ਦੇ ਘੱਟ ਖਤਰੇ ਦੇ ਕਾਰਨ ਭੇਜਣਾ ਬਿਹਤਰ ਹੋ ਸਕਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM

KULWINDERCHHINA
BROKER
647.293.2327

Sales Person Required

Dubai Jewellers: Sales person required at Dubai Jewellers with Jewellery sale experience for part time/full time job. For more information contact Raj 416-465-1200.

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟੀਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਉ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

You can Place Your Business Here To Reach Wider Audience
(905)793-2202

For more info Call 905-793-2202 or e-mail ads@punjabipost.ca

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909, 416-618-3358

ਵਰਕਰਾਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
- ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
- ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
- ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।

ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED TILL SOLD

Top 1% Broker
Call For a Quick & Free Home Evaluation
www.BramptonQuickHomeEvaluation.com

JAG AUJLA
REAL ESTATE BROKER

DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON



ਕੈਨੇਡੀ / ਦੁੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇੰਨੀਂਗ ਰੂਮ ਉਪਰ ਨੂੰ ਖੁੱਲ੍ਹਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਰ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON

$749,905

William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON

$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਡਰੂਮ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON

$1,299,905

ਲਗਭਗ 2900 ਸਕੇਅਰ ਫੁੱਟ ਦਾ ਡਿਟੈਚਡ ਘਰ। 5 ਬੈਡਰੂਮ, 4 ਵਾਸ਼ਰੂਮ ਅਤੇ 2 ਬੈਡ-ਰੂਮਜ਼ ਦੀ ਸੈਪਰੇਟ ਐਂਟਰੈਂਸ ਵਾਲੀ ਫਿਨਿਸ਼ਡ ਬੇਸਮੈਂਟ, 1 ਓਕ ਸਟੇਅਰ ਕੇਸ, ਹਾਰਡਵੁੱਡ ਅਤੇ ਸੀਰੀਮਿਕ ਫਲੋਰ, ਪੋਟ ਲਾਈਟ, 1 ਮਾਸਟਰ ਬੈਡਰੂਮ ਵਿਚ 5 ਪੀ.ਸੀ. ਇਨਸੂਟ ਅਤੇ ਵਾਕਇਨ ਕਲਾਸਿਟ, ਅਪਗ੍ਰੇਡਡ ਕਿਚਨ, ਘਰ ਮੂਹਰੇ ਕੋਈ ਸਾਈਡ ਵਾਕ ਨਹੀਂ, ਸਕੂਲ, ਪਾਲਜ਼ਾ ਤੋਂ ਮਿੰਟਾਂ ਦੀ ਦੂਰੀ ਉਤੇ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।

BRAMPTON

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।
ਸੰਪਰਕ: 416-371-7777

Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

RIVERSTONE EYE CARE

Comprehensive Eye Exam

Diagnostic Imaging & Testing

Glaucoma Testing


OUR SERVICES ALSO INCLUDE -
- Direct Billing to all major insurance companies - Special Testing on-site - High quality lenses and custom frames

Dr. Paramvir Gill

20 ਸਾਲ ਤੋਂ ਛੋਟੇ ਬੱਚੇ, 65 ਸਾਲ ਤੋਂ ਉਤੇ ਬਜ਼ੁਰਗ ਅਤੇ ਡਾਇਬੈਟਿਕ ਮਰੀਜਾ ਨੂੰ ਹੈਲਥ ਕਾਰਡ ਦੁਆਰਾ ਕਵਰ ਕੀਤਾ ਜਾਂਦਾ ਹੈ!

Book your appointment
Call Now at (905) 915-9255
Full Time Doctors available 6 days a week

Dr. Harpreet Gill

Address: 25 Cherrycrest Drive, Unit #4, Brampton, ON, L6P 3W4
www.riverstoneeyecare.com

Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044



FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

621 Wanless drive, # 122
Brampton ON L7A 0A9
905-495-3336

80 Pertosa Drive
Brampton ON L5X-5E9
905-460-0009

2120 North park Drive
Brampton ON L6S 0C9
905-793-1338

21 Lacoste Blvd,
Brampton, ON L6P 2K2
905 794-8109

1075 Ceremonial Drive
Mississauga ON L5R 2Z4
905-502-1600

10510 Torbram Road,
Brampton
905-790-0030

10 Pannahill Dr,
Brampton
905 913-8017